# ਪਰਾਲੀ ਮਸਲਾ: ਸਰਕਾਰੀ ਸਖਤੀ ਅੱਗੇ ਨਾ ਝੁਕੇ ਕਿਸਾਨ

## *ਨਵੰਬਰ ਤੱਕ ਪਰਾਲੀ ਸਾੜਨ ਦੇ 20729 ਮਾਮਲੇ ਸਾਹਮਣੇ ਆਏ*

**ਚੰਡੀਗੜ੍ਹ:** ਕੈਪਟਨ ਸਰਕਾਰ ਵੱਲੋਂ ਪਰਾਲੀ ਸਾੜਨ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ ਦੇ ਬਾਵਜੂਦ ਸੂਬੇ ਵਿਚ ਪਹਿਲੀ ਨਵੰਬਰ ਤੱਕ ਪਰਾਲੀ ਸਾੜਨ ਦੇ 20,729 ਮਾਮਲੇ ਸਾਹਮਣੇ ਆਏ ਹਨ ਅਤੇ 2923 ਕਿਸਾਨਾਂ ਵਿਰੁੱਧ ਕਾਰਵਾਈ ਕਰਦਿਆਂ ਜਰਮਾਨੇ ਵੀ ਕੀਤੇ ਗਏ ਹਨ। ਪਰਾਲੀ ਦੇ ਧੂੰਏਂ ਨੇ ਸੂਬੇ ਦੇ ਕਈ ਪਿੰਡਾਂ ਅਤੇ ਕਸਬਿਆਂ ਸਮੇਤ ਕੁਝ ਸ਼ਹਿਰਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਇਸ ਕਾਰਨ ਲੋਕਾਂ ਨੂੰ ਸਾਹ ਲੈਣ ਵਿਚ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਸੜਕ ਹਾਦਸੇ ਵੀ ਵਾਪਰ ਰਹੇ ਹਨ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਹਾਈ ਕੋਰਟ ਵੱਲੋਂ ਕਿਸਾਨਾਂ ਨੂੰ ਬੀਤੇ ਸਾਲ ਕੀਤੇ ਜਰਮਾਨਿਆਂ ਦੀ ਵਸੂਲੀ ਕਰਨ ਉਤੇ ਲਾਈ ਰੋਕ ਦੇ ਬਾਵਜੂਦ ਸੂਬਾ ਸਰਕਾਰ ਨੇ ਪਰਾਲੀ ਨੂੰ ਅੱਗ ਲਾਉਣ ਦੇ ਖਤਰਨਾਕ ਰੁਝਾਨ ਵਿਰੁੱਧ ਜ਼ੋਰਦਾਰ ਮੁਹਿੰਮ ਚਲਾਈ ਹੋਈ ਹੈ। ਇਸ ਮੁਹਿੰਮ ਤਹਿਤ ਬਣਾਈਆਂ ਗਈਆਂ ਟੀਮਾਂ ਨੇ ਪਹਿਲੀ ਨਵੰਬਰ ਤੱਕ ਪਰਾਲੀ ਨੂੰ ਅੱਗ ਲਾਉਣ ਦੀਆਂ ਵਾਪਰੀਆਂ 11286 ਥਾਂਵਾਂ ਦਾ ਦੌਰਾ ਕੀਤਾ ਅਤੇ 1585 ਮਾਮਲਿਆਂ ਵਿਚ ਵਾਤਾਵਰਣ ਨੂੰ ਪਲੀਤ ਕਰਨ ਦੇ ਮੁਆਵਜ਼ੇ ਵਜੋਂ 41.62 ਲੱਖ ਰੁਪਏ ਦੀ ਵਸੂਲੀ ਕਿਸਾਨਾਂ ਸਿਰ ਪਾਈ ਹੈ। ਇਸ ਤੋਂ ਇਲਾਵਾ 1136 ਮਾਮਲਿਆਂ ਵਿਚ ਖਸਰਾ ਗਿਰਦਾਵਰੀ ਵਿੱਚ ਰੈੱਡ ਐਂਟਰੀ ਕੀਤੀ ਹੈ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲੇ 202 ਮਾਮਲਿਆਂ ਵਿਚ ਐਫ.ਆਈ.ਆਰ. ਦਰਜ ਕਰਕੇ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਬਿਨਾਂ ਸੁਪਰ ਐਸ.ਐਮ.ਐਸ. ਦੇ ਚੱਲਣ ਵਾਲੀਆਂ 31 ਕੰਬਾਈਨਾਂ ਨੂੰ ਵਾਤਾਵਰਣ ਪਲੀਤ ਕਰਨ ਉਤੇ 62 ਲੱਖ ਰੁਪਏ ਦਾ ਜੁਰਮਾਨਾ ਕੀਤਾ ਹੈ।

ਪਰਾਲੀ ਨੂੰ ਸਾੜੇ ਜਾਣ ਦੀ ਸਮੱਸਿਆ ਨਾਲ ਸਿੱਝਣ ਲਈ ਇਹ ਕਦਮ ਕਾਫੀ ਨਹੀਂ ਹਨ ਕਿਉਂਕਿ ਸੂਬੇ ਵਿਚ ਬਹੁਤੇ ਕਿਸਾਨ ਪੰਜ ਏਕੜ ਤੋਂ ਘੱਟ ਜ਼ਮੀਨ ਦੇ ਮਾਲਕ ਹਨ ਜਿਨ੍ਹਾਂ ਲਈ ਪਰਾਲੀ ਦਾ ਪ੍ਰਬੰਧ ਕਰਨਾ ਆਰਥਿਕ ਤੌਰ ਉਤੇ ਵਾਜਬ ਨਹੀਂ ਬੈਠਦਾ ਹੈ। ਬੀਤੇ ਸਾਲ ਕਿਸਾਨਾਂ ਉਤੇ ਲਾਏ ਗਏ ਜਰਮਾਨੇ ਨੂੰ ਵਸੂਲਣ ਦੀ ਪ੍ਰਕਿਰਿਆ ਨੂੰ ਰੋਕਣ ਮੌਕੇ ਹਾਈ ਕੋਰਟ ਨੇ ਕਿਹਾ ਸੀ ਕਿ ਸੀਮਾਂਤ ਕਿਸਾਨਾਂ ਦੇ ਵਧ ਰਹੇ ਕਰਜ਼ਿਆਂ ਅਤੇ ਉਨ੍ਹਾਂ ਦੀਆਂ ਖੁਦਕੁਸ਼ੀਆਂ ਨੂੰ ਦੇਖਦਿਆਂ ਕਿਸਾਨਾਂ ਦੀਆਂ ਵਿੱਤੀ ਮੁਸ਼ਕਲਾਂ ਨੂੰ ਹੋਰ ਨਾ ਵਧਾਇਆ ਜਾਵੇ। ਅਦਾਲਤ ਨੇ ਇਹ ਵੀ ਹੁਕਮ ਦਿੱਤਾ ਸੀ ਕਿ ਕਾਨੂੰਨ ਅਨੁਸਾਰ ਵਾਤਾਵਰਣ ਨੂੰ ਨੁਕਸਾਨ ਦੀ ਪੂਰਤੀ ਲਈ ਕਾਰਵਾਈ ਨੂੰ ਜਾਰੀ ਰੱਖਿਆ ਜਾ ਸਕਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਹਾਲਾਤ ਵਿਚ ਕੇਂਦਰ ਸਰਕਾਰ ਵੱਲੋਂ ਮੁਆਵਜ਼ਾ ਦੇਣਾ ਹੀ ਇਕਮਾਤਰ ਹੱਲ ਹੈ। ਉਨ੍ਹਾਂ ਕਿਹਾ ਕਿ ਇਸ ਮਸਲੇ ਨੂੰ ਸਿਆਸਤ ਨਾਲ ਨਹੀਂ ਜੋੜਿਆ ਜਾ ਸਕਦਾ ਸਗੋਂ ਇਹ ਲੋਕਾਂ ਦੇ ਭਵਿੱਖ ਦਾ ਸਵਾਲ ਹੈ ਜਿਸ ਤੋਂ ਸਿਆਸਤ ਬਹੁਤ ਪਰ੍ਹੇ ਹੈ। ਕੈਪਟਨ ਮੁਤਾਬਕ, "ਗੇਂਦ ਹੁਣ ਕੇਂਦਰ ਸਰਕਾਰ ਦੇ ਪਾਲੇ ਵਿਚ ਹੈ ਕਿਉਂਕਿ ਬਹੁਤੇ ਸੂਬਿਆਂ ਦੀ ਆਰਥਿਕ ਹਾਲਤ ਠੀਕ ਨਹੀਂ ਹੈ ਅਤੇ ਸੂਬੇ ਸਿਰ ਕਰਜ਼ੇ ਦੀ ਪੰਡ ਬਹੁਤ ਭਾਰੀ ਹੈ।" ਪਾਕਿਸਤਾਨ ਵੱਲੋਂ ਆਉਂਦੀਆਂ ਹਵਾਵਾਂ ਸਮੇਤ ਪੱਛਮੀ ਚੱਕਰਵਾਤ ਨਾਲ ਦਿੱਲੀ ਵਿਚ ਧੁਆਂਖੀ ਧੁੰਦ ਲਈ ਪੰਜਾਬ ਦੇ ਯੋਗਦਾਨ ਨੂੰ ਕਬੂਲਦਿਆਂ ਕੈਪਟਨ ਨੇ ਕਿਹਾ ਕਿ ਸਾਰਾ ਦੋਸ਼ ਸਿਰਫ ਉਨ੍ਹਾਂ ਦੇ ਸੂਬੇ ਸਿਰ ਮੜ੍ਹ ਦੇਣਾ ਪੂਰੀ ਤਰ੍ਹਾਂ ਨਾਲ ਗਲਤ ਹੈ। ਉਨ੍ਹਾਂ ਕਿਹਾ ਕਿ ਅੰਕੜੇ ਦੱਸਦੇ ਹਨ ਕਿ ਦਿੱਲੀ ਵਿਚ ਪ੍ਰਦੂਸ਼ਣ ਲਈ ਹੋਰ ਕਾਰਨ ਜ਼ਿੰਮੇਵਾਰ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਵੀ ਕੁਝ ਸ਼ਹਿਰ ਧੁਆਂਖੀ ਧੁੰਦ ਦੀ ਲਪੇਟ ਵਿਚ ਹਨ। ਕਿਸਾਨਾਂ ਨੂੰ ਝੋਨੇ ਤੋਂ ਬਦਲਵੀਆਂ ਫਸਲਾਂ ਵੱਲ ਮੋੜਨ ਦੀ ਲੋੜ ਉਤੇ ਜ਼ੋਰ ਦਿੰਦਿਆਂ ਕੈਪਟਨ ਨੇ ਫਸਲੀ ਵੰਨ-ਸਵੰਨਤਾ ਨੂੰ ਉਤਸ਼ਾਹਿਤ ਕਰਨ ਲਈ ਬਾਕੀ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਦੀ ਮੰਗ ਨੂੰ ਦੁਹਰਾਇਆ।

### ਵਾਤਾਵਰਣ ਪ੍ਰੇਮੀਆਂ ਨੇ ਪ੍ਰਧਾਨ ਮੰਤਰੀ ਦਾ ਦਖਲ ਮੰਗਿਆ

**ਨਵੀਂ ਦਿੱਲੀ:** ਵਾਤਾਵਰਣ ਪ੍ਰੇਮੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਦੇਸ਼ ਵਿਚ ਪ੍ਰਦੂਸ਼ਣ ਦੀ ਸਮੱਸਿਆ ਦੇ ਹੱਲ ਲਈ ਉਹ ਨਿੱਗਰ ਕਦਮ ਚੁੱਕਣ ਅਤੇ ਵਿਸ਼ੇਸ਼ ਤੌਰ 'ਤੇ ਦਿੱਲੀ ਵਿਚ ਪਿਛਲੇ ਤਿੰਨ ਸਾਲ ਤੋਂ ਹਵਾ ਪ੍ਰਦੂਸ਼ਣ ਦੀ ਸਮੱਸਿਆ ਨਾਲ ਨਜਿੱਠਣ ਦੀ ਮੰਗ ਕੀਤੀ ਹੈ।


ਇਨ੍ਹਾਂ ਨੇ ਦੱਸਿਆ ਕਿ ਸਾਡੇ ਡਾਕਟਰਾਂ ਨੇ ਸਾਨੂੰ ਕਿਹਾ ਹੈ ਕਿ ਅਸੀਂ ਕੌਮੀ ਸਿਹਤ ਐਮਰਜੈਂਸੀ ਵਿਚ ਹਾਂ। ਪ੍ਰਧਾਨ ਮੰਤਰੀ ਨੂੰ ਪੱਤਰ ਲਿਖਣ ਵਾਲਿਆਂ ਵਿਚ ਕੇਅਰ ਫਾਰ ਏਅਰ ਦੇ ਜਿਓਤੀ ਪਾਂਡੇ, ਮਾਈ ਰਾਈਟ ਟੂ ਬ੍ਰੀਦ, ਯੂਨਾਈਟਿਡ ਰੈਜੀਡੈਂਟਸ ਜੁਆਇੰਟ ਐਕਸ਼ਨ ਦੇ ਅਤੁਲ ਗੋਇਲ ਅਤੇ ਕਲੀਨ ਏਅਰ ਕੁਲੈਕਟਿਵ ਦੇ ਬ੍ਰਿਕੇਸ਼ ਸਿੰਘ ਸ਼ਾਮਲ ਹਨ। ਇਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਮੰਗ ਕੀਤੀ ਹੈ ਕਿ ਉਹ ਇਸ ਮੁਸ਼ਕਲ ਘੜੀ ਵਿਚ ਦੇਸ਼ ਵਾਸੀਆਂ ਨੂੰ ਅਗਵਾਈ ਦੇਣ। ਉਨ੍ਹਾਂ ਕਿਹਾ ਕਿ ਲੋਕ ਸਾਹ ਨਾ ਆਉਣ ਕਾਰਨ ਹਰ ਸਾਹ ਨਾਲ ਮਰ ਰਹੇ ਹਨ ਤੇ ਰਾਜਸੀ ਪਾਰਟੀਆਂ ਇਕ ਦੂਜੇ ਉਤੇ ਦੋਸ਼ ਲਾ ਕੇ ਡੰਗ ਟਪਾ ਰਹੀਆਂ ਹਨ।

## ਸੁਪਰੀਮ ਕੋਰਟ ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਲਈ ਰਾਜ਼ੀ

**ਨਵੀਂ ਦਿੱਲੀ:** ਸੁਪਰੀਮ ਕੋਰਟ 1984 ਸਿੱਖ ਕਤਲੇਆਮ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ ਉਪਰ ਤੁਰਤ ਸੁਣਵਾਈ ਲਈ ਰਾਜ਼ੀ ਹੋ ਗਈ ਹੈ। ਚੀਫ ਜਸਟਿਸ ਰੰਜਨ ਗੋਗੋਈ ਨੇ ਹਾਲਾਂਕਿ ਪਟੀਸ਼ਨ ਉਤੇ ਫੌਰੀ ਸੁਣਵਾਈ ਤੋਂ ਨਾਂਹ ਕਰ ਦਿੱਤੀ ਹੈ।

ਦਿੱਲੀ ਹਾਈ ਕੋਰਟ ਨੇ ਸੱਜਣ ਕੁਮਾਰ ਨੂੰ ਕੁਦਰਤੀ ਮੌਤ ਤੱਕ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਸੀਨੀਅਰ ਵਕੀਲ ਸ਼ੇਖਰ ਨਾਫੜੇ ਵੱਲੋਂ ਪੇਸ਼ ਦਲੀਲਾਂ ਦਾ ਨੋਟਿਸ ਲਿਆ, ਜਿਨ੍ਹਾਂ ਵਿਚ ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ ਬਾਰੇ ਤੁਰਤ ਸੁਣਵਾਈ ਦਾ ਜ਼ਿਕਰ ਕੀਤਾ ਸੀ। ਉਂਜ ਬੈਂਚ ਨੇ ਕਿਹਾ ਕਿ ਉਸ ਨੂੰ ਪਟੀਸ਼ਨ ਉਤੇ ਸੁਣਵਾਈ ਲਈ ਕੋਈ ਕਾਹਲ ਨਹੀਂ ਹੈ। ਇਸ ਤੋਂ ਪਹਿਲਾਂ ਦੋਸ਼ੀ ਸੱਜਣ ਕੁਮਾਰ ਨੇ ਹਾਈ ਕੋਰਟ ਵੱਲੋਂ ਸੁਣਾਈ ਉਮਰ ਕੈਦ ਦੀ ਸਜ਼ਾ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੰਦਿਆਂ ਨਾਲ ਹੀ ਜ਼ਮਾਨਤ ਵੀ ਮੰਗੀ ਸੀ।

73 ਸਾਲਾਂ ਦੇ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਹਾਈ ਕੋਰਟ ਦੇ ਫੈਸਲੇ ਮਗਰੋਂ ਤਿਹਾੜ ਜੇਲ੍ਹ ਭੇਜ ਦਿੱਤਾ ਗਿਆ ਸੀ। ਕੁਮਾਰ ਨੂੰ ਉਮਰ ਤੱਕ ਕੈਦ ਦੀ ਸਜ਼ਾ ਦੱਖਣੀ-ਪੱਛਮੀ ਦਿੱਲੀ



ਦੇ ਰਾਜ ਨਗਰ-1 ਇਲਾਕੇ ਵਿਚ ਪੰਜ ਸਿੱਖਾਂ ਦੇ ਕਤਲ ਤੇ ਰਾਜਨਗਰ-ਭਾਗ 2 ਵਿਚ ਗੁਰਦੁਆਰਾ ਸਾੜਨ ਦੇ ਜੁਰਮ ਹੇਠ ਸੁਣਾਈ ਗਈ ਸੀ। ਉਸ ਨੂੰ ਅਪਰਾਧਿਕ ਸਾਜ਼ਿਸ਼ ਰਚਣ, ਕਤਲ ਦੀ ਸਾਜ਼ਿਸ਼ ਤੇ ਦੋ ਫਿਰਕਿਆਂ ਵਿਚ ਨਫਰਤ ਫੈਲਾਉਣ ਤੇ ਗੁਰਦੁਆਰੇ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ਾਂ ਹੇਠ ਸਜ਼ਾ ਹੋਈ ਸੀ।

### *ਪੰਜ ਗੇੜਾਂ ਵਿਚ ਹੋਣਗੀਆਂ ਝਾਰਖੰਡ ਵਿਧਾਨ ਸਭਾ ਚੋਣਾਂ*

**ਨਵੀਂ ਦਿੱਲੀ:** ਝਾਰਖੰਡ ਅਸੈਂਬਲੀ ਲਈ ਚੋਣਾਂ ਪੰਜ ਗੇੜਾਂ ਵਿਚ 30 ਨਵੰਬਰ ਤੋਂ 20 ਦਸੰਬਰ ਦਰਮਿਆਨ ਹੋਣਗੀਆਂ ਅਤੇ ਨਤੀਜੇ 23 ਦਸੰਬਰ ਨੂੰ ਐਲਾਨੇ ਜਾਣਗੇ। ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਚੋਣ ਪ੍ਰੋਗਰਾਮ ਦਾ ਐਲਾਨ ਕਰਦਿਆਂ ਕਿਹਾ ਕਿ 81 ਮੈਂਬਰੀ ਅਸੈਂਬਲੀ ਲਈ ਚੋਣਾਂ ਪੰਜ ਗੇੜਾਂ (30 ਨਵੰਬਰ, 7, 12, 16 ਤੇ 20 ਦਸੰਬਰ) ਵਿਚ ਹੋਣਗੀਆਂ।

ਚੋਣਾਂ ਦੇ ਐਲਾਨ ਨਾਲ ਝਾਰਖੰਡ ਵਿਚ ਚੋਣ ਜ਼ਾਬਤਾ ਫੌਰੀ ਅਮਲ ਵਿਚ ਆ ਗਿਆ ਹੈ। ਨਕਸਲ ਪ੍ਰਭਾਵਿਤ ਝਾਰਖੰਡ ਵਿਚ ਸਾਲ 2014 ਵਿਚ ਵੀ ਪੰਜ ਗੇੜਾਂ ਤਹਿਤ ਹੀ ਅਸੈਂਬਲੀ ਚੋਣ ਸਿਰੇ ਚੜ੍ਹੀ ਸੀ। ਕਬਾਇਲੀ ਬਹੁਗਿਣਤੀ ਵਾਲੇ ਝਾਰਖੰਡ ਵਿਚ ਮੁੱਖ ਮੁਕਾਬਲਾ ਮੁੱਖ ਮੰਤਰੀ ਰਘੂਬਰ ਦਾਸ ਦੀ ਅਗਵਾਈ ਵਾਲੀ ਸੱਤਾਧਾਰੀ ਭਾਜਪਾ ਅਤੇ ਵਿਰੋਧੀ ਪਾਰਟੀਆਂ ਦੇ ਗਠਜੋੜ (ਮੁੱਖ ਤੌਰ ਉਤੇ ਕਾਂਗਰਸ ਤੇ ਝਾਰਖੰਡ ਮੁਕਤੀ ਮੋਰਚਾ) ਵਿਚਾਲੇ ਹੈ। ਚੋਣ ਕਮਿਸ਼ਨ ਵੱਲੋਂ ਐਲਾਨੇ ਚੋਣ ਪ੍ਰੋਗਰਾਮ ਮੁਤਾਬਕ ਪਹਿਲੇ ਗੇੜ ਤਹਿਤ 13 ਅਸੈਂਬਲੀ ਸੀਟਾਂ, ਦੂਜੇ ਵਿਚ 20, ਤੀਜੇ ਵਿਚ 17, ਚੌਥੇ ਵਿਚ 15 ਅਤੇ ਆਖਰੀ ਤੇ ਪੰਜਵੇਂ ਗੇੜ ਤਹਿਤ 16 ਅਸੈਂਬਲੀ ਸੀਟਾਂ ਲਈ ਵੋਟਾਂ ਪੈਣਗੀਆਂ।

## ਦਾਦੂਵਾਲ ਨੇ ਜੇਲ੍ਹ ਵਿਚੋਂ ਲਿਖਿਆ ਮੁੱਖ ਮੰਤਰੀ ਨੂੰ ਖੁੱਲ੍ਹਾ ਪੱਤਰ

**ਬਠਿੰਡਾ:** ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਖੁੱਲ੍ਹਾ ਖਤ ਲਿਖ ਕੇ ਉਨ੍ਹਾਂ ਦੀ ਆਵਾਜ਼ ਦਬਾਉਣ ਦਾ ਦੋਸ਼ ਲਾਇਆ ਹੈ।

ਉਨ੍ਹਾਂ ਲਿਖਿਆ ਕਿ ਉਨ੍ਹਾਂ ਨੂੰ ਨਨਕਾਣਾ ਸਾਹਿਬ ਪਾਕਿਸਤਾਨ ਤੋਂ ਆਏ ਨਗਰ ਕੀਰਤਨ ਦੇ ਦਰਸ਼ਨ ਕਰਦਿਆਂ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਗ੍ਰਿਫਤਾਰ ਕਰ ਕੇ 18 ਅਕਤੂਬਰ ਨੂੰ ਕਪੂਰਥਲਾ ਦੀ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਸੀ। ਕੁਝ ਵਿਰੋਧੀ ਲੋਕਾਂ ਵੱਲੋਂ ਇਹ ਕੂੜ ਪ੍ਰਚਾਰ ਕੀਤਾ ਜਾਂਦਾ ਹੈ ਕਿ ਉਹ ਕਾਂਗਰਸੀ ਹਨ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਮਿੱਤਰ ਹਨ ਪਰ ਇਸ ਗ੍ਰਿਫਤਾਰੀ ਨੇ ਇਹ ਭੁਲੇਖਾ ਦੂਰ ਕਰ ਦਿੱਤਾ ਹੈ ਕਿ ਉਹ ਕਾਂਗਰਸੀ ਜਾਂ ਮੁੱਖ ਮੰਤਰੀ ਦੇ ਮਿੱਤਰ ਨਹੀਂ।



ਉਨ੍ਹਾਂ ਕਿਹਾ ਕਿ ਜਿਹੜੀ ਵੀ ਸਰਕਾਰ ਆਉਂਦੀ ਹੈ, ਉਹ ਉਨ੍ਹਾਂ ਉਤੇ ਧਰਮ ਪ੍ਰਚਾਰ ਕਰਨ 'ਤੇ ਪਾਬੰਦੀ ਲਾ ਕੇ ਉਨ੍ਹਾਂ ਦੀ ਆਵਾਜ਼ ਬੰਦ ਕਰਨਾ ਚਾਹੁੰਦੀ ਹੈ। ਉਨ੍ਹਾਂ ਮੁੱਖ ਮੰਤਰੀ ਉਤੇ ਬਰਗਾੜੀ ਬੇਅਦਬੀ ਦੇ ਗੋਲੀ ਕਾਂਡ ਦਾ ਅੱਧ ਅਧੂਰਾ ਇਨਸਾਫ ਦੇਣ ਦਾ ਦੋਸ਼ ਲਾਇਆ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਉਨ੍ਹਾਂ ਨੇ ਬਠਿੰਡਾ ਰੈਲੀ ਵਿਚ ਗੁਟਕਾ ਸਾਹਿਬ ਫੜ ਕੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਕਾਂਗਰਸ ਸਰਕਾਰ ਆਉਣ ਉਤੇ ਉਹ ਇਕ ਮਹੀਨੇ ਵਿਚ ਪੰਜਾਬ 'ਚੋਂ ਨਸ਼ੇ ਖਤਮ ਕਰ ਦੇਣਗੇ ਪਰ ਉਹ ਵੀ ਨਾ ਹੋਇਆ। ਉਨ੍ਹਾਂ ਕਿਹਾ ਕਿ ਉਹ ਸਰਕਾਰੀ ਜਬਰ ਜ਼ੁਲਮ ਅੱਗੇ ਝੁਕਣਗੇ ਨਹੀਂ।

## ਭਾਰਤ ਅਤੇ ਜਰਮਨੀ ਵਲੋਂ ਅਤਿਵਾਦ ਦੇ ਖਾਤਮੇ ਦਾ ਅਹਿਦ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਰਮਨੀ ਦੀ ਚਾਂਸਲਰ ਏਂਜਲਾ ਮਰਕਲ ਨਾਲ ਵਿਆਪਕ ਚਰਚਾ ਕਰਨ ਤੋਂ ਬਾਅਦ ਕਿਹਾ ਕਿ ਭਾਰਤ ਅਤੇ ਜਰਮਨੀ ਨੇ ਅਤਿਵਾਦ ਅਤੇ



ਕੱਟੜਵਾਦ ਦੇ ਟਾਕਰੇ ਲਈ ਦੁਵੱਲਾ ਅਤੇ ਬਹੁਪੱਖੀ ਸਹਿਯੋਗ ਵਧਾਉਣ ਦਾ ਸੰਕਲਪ ਲਿਆ ਹੈ। ਦੋਵਾਂ ਆਗੂਆਂ ਨੇ ਰੱਖਿਆ, ਮਸਨੂਈ ਬੌਧਿਕਤਾ ਅਤੇ ਊਰਜਾ ਖੇਤਰਾਂ ਸਣੇ ਕੂਟਨੀਤਕ ਖੇਤਰਾਂ ਵਿਚ ਸਬੰਧ ਵਧਾਉਣ ਉਤੇ ਜ਼ੋਰ ਦਿੱਤਾ।

ਮੋਦੀ ਅਤੇ ਮਰਕਲ ਵੱਲੋਂ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਵਿਚਾਲੇ ਪੰਜਵੀਂ ਚਰਚਾ (ਆਈ.ਜੀ.ਸੀ.) ਦੀ ਸਹਿ-ਪ੍ਰਧਾਨਗੀ ਕੀਤੀ ਗਈ। ਪਾਕਿਸਤਾਨ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਸਾਰੇ ਮੁਲਕਾਂ ਨੂੰ ਆਪਣੇ ਖੇਤਰ ਦੀ ਵਰਤੋਂ ਦਹਿਸ਼ਤੀ ਗਤੀਵਿਧੀਆਂ ਲਈ ਨਾ ਕੀਤੇ ਜਾਣ ਨੂੰ ਯਕੀਨੀ ਬਣਾਉਣ ਲਈ ਆਖਿਆ। ਕਸ਼ਮੀਰ ਦੇ ਹਾਲਾਤ ਬਾਰੇ ਦੋਵਾਂ ਆਗੂਆਂ ਵੱਲੋਂ ਚਰਚਾ ਕੀਤੇ ਜਾਣ ਸਬੰਧੀ ਸੂਤਰਾਂ ਨੇ ਦੱਸਿਆ ਕਿ ਆਈ.ਜੀ.ਸੀ. ਦੌਰਾਨ ਇਸ ਬਾਰੇ ਕੋਈ ਚਰਚਾ ਨਹੀਂ ਹੋਈ। ਦੱਸਣਯੋਗ ਹੈ ਕਿ ਮੋਦੀ ਅਤੇ ਮਰਕਲ ਵਿਚਾਲੇ ਮੁਲਾਕਾਤ ਉਸ ਵੇਲੇ ਹੋਈ ਹੈ ਜਦੋਂ ਕੁਝ ਵਿਦੇਸ਼ੀ ਕਾਨੂੰਨਸਾਜ਼ਾਂ, ਜਿਨ੍ਹਾਂ ਵਿਚ ਅਮਰੀਕੀ ਵੀ ਸ਼ਾਮਲ ਹਨ, ਵੱਲੋਂ ਜੰਮੂ ਕਸ਼ਮੀਰ ਵਿਚੋਂ ਧਾਰਾ 370 ਹਟਾਏ ਜਾਣ ਮਗਰੋਂ ਲਾਈਆਂ ਪਾਬੰਦੀਆਂ ਉਤੇ ਚਿੰਤਾ ਪ੍ਰਗਟਾਈ ਜਾ ਰਹੀ ਹੈ। ਮਰਕਲ ਨਾਲ ਸਾਂਝੀ ਪ੍ਰੈੱਸ ਮਿਲਣੀ ਦੌਰਾਨ ਮੋਦੀ ਨੇ ਕਿਹਾ ਕਿ ਅਸੀਂ ਅਤਿਵਾਦ ਅਤੇ ਕੱਟੜਵਾਦ ਜਿਹੇ ਖਤਰਿਆਂ ਨਾਲ ਨਜਿੱਠਣ ਲਈ ਦੁਵੱਲਾ ਅਤੇ ਬਹੁਪੱਖੀ ਸਹਿਯੋਗ ਮਜ਼ਬੂਤ ਕਰਾਂਗੇ।

ਮੋਦੀ ਅਤੇ ਮਰਕਲ ਵਿਚਾਲੇ ਚਰਚਾ ਮਗਰੋਂ ਜਾਰੀ ਸਾਂਝੇ ਬਿਆਨ ਵਿਚ ਅਤਿਵਾਦ ਦੇ ਖਾਤਮੇ ਲਈ ਸਹਿਯੋਗ ਵਧਾਉਣ ਉਤੇ ਜੋਰ ਦਿੱਤਾ ਗਿਆ ਹੈ ਅਤੇ ਇਸ 'ਆਲਮੀ ਸੰਕਟ' ਦੇ ਟਾਕਰੇ ਲਈ ਅੰਤਰਰਾਸ਼ਟਰੀ ਭਾਈਵਾਲੀ ਮਜ਼ਬੂਤ ਕਰਨ ਦਾ ਸੱਦਾ ਦਿੱਤਾ ਗਿਆ। ਬਿਆਨ ਰਾਹੀਂ ਸਾਰੇ ਮੁਲਕਾਂ ਨੂੰ ਅਤਿਵਾਦੀਆਂ ਲਈ ਸੁਰੱਖਿਅਤ ਪਨਾਹਾਂ ਅਤੇ ਢਾਂਚਿਆਂ ਨੂੰ ਨਸ਼ਟ ਕਰਨ, ਉਨ੍ਹਾਂ ਦੇ ਨੈੱਟਵਰਕ ਤੋੜਨ, ਵਿੱਤੀ ਚੈਨਲ ਖਤਮ ਕਰਨ ਅਤੇ ਸਰਹੱਦ-ਪਾਰ ਆਵਾਜਾਈ ਰੋਕਣ ਲਈ ਕੰਮ ਕਰਨ ਦਾ ਸੱਦਾ ਦਿੱਤਾ ਗਿਆ। ਮੋਦੀ ਵਲੋਂ ਭਾਰਤ ਅਤੇ ਜਰਮਨੀ ਵਿਚਾਲੇ ਹਰ ਖੇਤਰ, ਖਾਸ ਕਰਕੇ ਨਵੀਂ ਅਤੇ ਆਧੁਨਿਕ ਤਕਨਾਲੋਜੀ ਵਿਚ 'ਦੂਰ-ਅੰਦੇਸ਼ੀ ਅਤੇ ਕੂਟਨੀਤਕ ਸਹਿਯੋਗ' ਮਜ਼ਬੂਤ ਕਰਨ ਲਈ ਆਖਿਆ।

### ਸ਼ੰਘਾਈ ਸਹਿਯੋਗ ਸੰਗਠਨ ਨੂੰ ਅੱਗੇ ਆਣ ਦਾ ਸੱਦਾ

**ਤਾਸ਼ਕੰਦ:** ਪਾਕਿਸਤਾਨ ਦੀ ਹਾਜ਼ਰੀ ਵਿਚ ਅਤਿਵਾਦ ਖਿਲਾਫ ਤਿੱਖਾ ਬਿਆਨ ਦਿੰਦਿਆਂ ਭਾਰਤ ਨੇ ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਦੇ ਮੈਂਬਰ ਮੁਲਕਾਂ ਨੂੰ ਕਿਹਾ ਕਿ ਉਹ ਦੂਹਰਾ ਮਾਪਦੰਡ ਅਪਣਾਏ ਬਿਨਾਂ ਅਤਿਵਾਦ ਦੇ ਟਾਕਰੇ ਲਈ ਮੌਜੂਦਾ ਕੌਮਾਂਤਰੀ ਕਾਨੂੰਨਾਂ ਨੂੰ ਹੋਰ ਮਜ਼ਬੂਤ ਬਣਾਉਣ ਵਿਚ ਸਹਿਯੋਗ ਦੇਣ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਐਸ.ਸੀ.ਓ. ਸਿਖਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਤਿਵਾਦ ਸਮਾਜ ਵਿਚ ਵੰਡੀਆਂ ਪਾ ਰਿਹਾ ਹੈ ਅਤੇ ਵਿਕਾਸ ਦੇ ਉਪਰਾਲਿਆਂ ਨੂੰ ਢਾਹ ਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਤਿਵਾਦ ਖਿਲਾਫ ਐਸ.ਸੀ.ਓ. ਦੇ ਮੈਂਬਰ ਮੁਲਕਾਂ ਨੂੰ ਰਲ ਕੇ ਕਾਰਵਾਈ ਕਰਨ ਦੀ ਲੋੜ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਸ਼ੇਸ਼ ਨੁਮਾਇੰਦੇ ਵਜੋਂ ਸਰਕਾਰਾਂ ਦੇ ਮੁਖੀਆਂ ਦੀ ਪ੍ਰੀਸ਼ਦ ਦੀ 18ਵੀਂ ਬੈਠਕ ਨੂੰ ਸੰਬੋਧਨ ਕਰਦਿਆਂ ਰੱਖਿਆ ਮੰਤਰੀ ਨੇ ਅੱਠ ਮੈਂਬਰੀ ਜਥੇਬੰਦੀ ਦੀ ਅਹਿਮੀਅਤ ਬਾਰੇ ਦੱਸਦਿਆਂ ਕਿਹਾ ਕਿ ਇਹ ਮੁਲਕ ਖਿਤੇ ਨੂੰ ਦਰਪੇਸ਼ ਚੁਣੌਤੀਆਂ ਦਾ ਢੁਕਵੇਂ ਢੰਗ ਨਾਲ ਹੱਲ ਕੱਢਣ ਦੇ ਸਮਰੱਥ ਹਨ। ਉਨ੍ਹਾਂ ਐਸ.ਸੀ.ਓ. ਦੇ ਮੈਂਬਰ ਮੁਲਕਾਂ ਦੀ ਸਾਂਝੀ ਫੌਜੀ ਮਸ਼ਕਾਂ ਦੀ ਸਫਲਤਾ ਲਈ ਰੂਸ ਨੂੰ ਵਧਾਈ ਦਿੱਤੀ।

### *ਸਕੂਲ ਸਿੱਖਿਆ 'ਚੋਂ ਹਟਾਏ ਜਾਣਗੇ ਟੀਪੂ ਸੁਲਤਾਨ ਬਾਰੇ ਪਾਠ*

**ਬੰਗਲੁਰੂ:** ਕਰਨਾਟਕ ਦੇ ਮੁੱਖ ਮੰਤਰੀ ਬੀ.ਐਸ. ਯੇਦੀਯੁਰੱਪਾ ਨੇ ਕਿਹਾ ਕਿ ਸੂਬੇ ਦੀ ਭਾਜਪਾ ਸਰਕਾਰ ਵੱਲੋਂ ਸਕੂਲਾਂ ਦੀਆਂ ਇਤਿਹਾਸ ਦੀਆਂ ਪੁਸਤਕਾਂ ਵਿਚੋਂ 18ਵੀਂ ਸਦੀ ਦੇ ਮੈਸੂਰ ਦੇ ਸ਼ਾਸਕ ਟੀਪੂ ਸੁਲਤਾਨ ਬਾਰੇ ਪਾਠ ਹਟਾਇਆ ਜਾਵੇਗਾ ਕਿਉਂਕਿ ਉਹ 'ਜ਼ਾਲਮ' ਰਾਜਾ ਸੀ ਅਤੇ ਉਸ ਨੇ ਹਿੰਦੂਆਂ ਉਤੇ ਜ਼ੁਲਮ ਢਾਹੇ ਸਨ।

ਦੱਸਣਯੋਗ ਹੈ ਕਿ ਦੱਖਣੀ ਭਾਰਤ ਦੀ ਮੈਸੂਰ ਰਿਆਸਤ ਦੇ ਰਾਜਾ ਟੀਪੂ ਸੁਲਤਾਨ ਨੇ 1750 ਤੋਂ 1799 ਤੱਕ ਆਪਣੇ ਰਾਜ ਦੌਰਾਨ ਬਰਤਾਨਵੀ ਸ਼ਾਸਕਾਂ ਖਿਲਾਫ ਕਈ ਲੜਾਈਆਂ ਲੜੀਆਂ ਅਤੇ ਜਿੱਤੀਆਂ ਸਨ। ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਪਹਿਲਾਂ ਹੀ ਫੈਸਲਾ ਲੈ ਚੁੱਕੇ ਹਾਂ ਕਿ 10 ਨਵੰਬਰ ਨੂੰ ਟੀਪੂ ਸੁਲਤਾਨ ਦਾ ਜਨਮ ਦਿਨ ਸੂਬਾ ਪੱਧਰੀ ਸਮਾਗਮ ਕਰਕੇ ਨਹੀਂ ਮਨਾਇਆ ਜਾਵੇਗਾ ਕਿਉਂਕਿ ਉਹ ਵਿਵਾਦਿਤ ਰਾਜਾ ਸੀ ਤੇ ਉਸ ਨੇ ਜਬਰੀ ਧਰਮ ਪਰਿਵਰਤਨ, ਮੰਦਰ ਢਾਹੁਣ ਤੇ ਹਿੰਦੂਆਂ 'ਤੇ ਤਸ਼ੱਦਦ ਕੀਤਾ ਸੀ।

ਵਿਰੋਧੀ ਪਾਰਟੀ ਕਾਂਗਰਸ ਦੇ ਆਗੂ ਸਿੱਧਾਰਮੱਈਆ ਨੇ ਕਿਹਾ ਕਿ ਭਾਜਪਾ ਵਲੋਂ ਟੀਪੂ ਬਾਰੇ ਪੁਸਤਕਾਂ ਵਿਚੋਂ ਪਾਠ ਹਟਾਉਣੇ ਤੇ ਟੀਪੂ ਦਾ ਜਨਮ ਦਿਨ ਨਾ ਮਨਾਉਣਾ ਮੰਦਭਾਗਾ ਹੈ। ਵੋਟ ਬੈਂਕ ਦੀ ਸਿਆਸਤ ਲਈ ਆਪਣੀ ਵਿਚਾਰਧਾਰਾ ਦਾ ਏਜੰਡਾ ਲਾਗੂ ਕੀਤਾ ਜਾ ਰਿਹਾ ਹੈ ਹਾਲਾਂਕਿ ਟੀਪੂ ਪਹਿਲਾ ਸੁਤੰਤਰਤਾ ਸੰਗਰਾਮੀ ਸੀ, ਜਿਸ ਨੇ ਅੰਗਰੇਜ਼ਾਂ ਖਿਲਾਫ ਆਜ਼ਾਦੀ ਲਈ ਜੰਗ ਲੜੀ।

# ਭੈਅਭੀਤ 'ਲੋਕਤੰਤਰ' ਡਿਜੀਟਲ ਜਾਸੂਸੀ ਦੀ ਸ਼ਰਨ 'ਚ

ਕਈ ਸਾਲ ਪਹਿਲਾਂ ਵਿਕੀਲੀਕਸ ਦੇ ਬਾਨੀ ਜੂਲੀਅਨ ਅਸਾਂਜ ਨੇ ਦੁਨੀਆ ਨੂੰ ਖ਼ਬਰਦਾਰ ਕਰਦਿਆਂ ਕਿਹਾ ਸੀ: 'ਤੁਹਾਡੇ ਸੌਣ ਕਮਰੇ ਵਿਚ ਸਮਾਰਟ ਫੋਨ ਤੋਪ ਹੋਣ ਵਾਂਗ ਹੈ ਜਿਸ ਨੂੰ ਕਦੇ ਵੀ ਤੁਹਾਡੇ ਖ਼ਿਲਾਫ ਵਰਤਿਆ ਜਾ ਸਕਦਾ ਹੈ।' ਹਾਲ ਹੀ ਵਿਚ ਨਾਗਰਿਕਾਂ ਦੀ ਡਿਜੀਟਲ ਜਾਸੂਸੀ ਦੇ ਖ਼ੁਲਾਸਿਆਂ ਤੋਂ ਇਹ ਜ਼ਾਹਿਰ ਹੋ ਗਿਆ ਹੈ ਕਿ ਨਾਗਰਿਕਾਂ ਦੀ ਨਿੱਜਤਾ ਅਤਿਅੰਤ ਖ਼ਤਰਨਾਕ ਹਮਲੇ ਦੀ ਮਾਰ ਹੇਠ ਹੈ। ਨਿੱਜਤਾ ਨੂੰ ਲਾਈ ਗਈ ਇਸ ਸੰਨ੍ਹ ਦਾ ਸਬੰਧ ਸਟੇਟ ਨਾਲ ਹੋਣ ਕਾਰਨ ਇਸ ਦਾ ਦਾਇਰਾ ਬਹੁਤ ਵਸੀਹ ਹੈ। ਵੱਟਸਐਪ ਤੋਂ ਬਿਨਾ ਹੋਰ ਵੀ ਕਈ ਡਿਜੀਟਲ ਐਪਲੀਕੇਸ਼ਨਜ਼ ਨੂੰ ਜਾਸੂਸੀ ਲਈ ਇਸਤੇਮਾਲ ਕੀਤੇ ਜਾਣ ਦੀ ਪੂਰੀ ਸੰਭਾਵਨਾ ਹੈ। ਫੋਨ ਨੂੰ ਆਧਾਰ ਨਾਲ ਜੋੜਨ ਦਾ ਮਨੋਰਥ ਵੀ ਕਥਿਤ ਸੁਰੱਖਿਆ ਦੀ ਬਜਾਏ ਨਾਗਰਿਕਾਂ ਦੀ ਨਿੱਜਤਾ ਉਪਰ ਕੰਟਰੋਲ ਹੀ ਹੈ। ਅਤਿ-ਆਧੁਨਿਕ ਸਾਫਟਵੇਅਰ ਜਾਂ ਸਪਾਈਵੇਅਰ ਨਾਲ ਲੈਸ ਏਜੰਸੀਆਂ ਨੇ ਕਦੋਂ, ਕਿਸ ਨੂੰ ਨਿਸ਼ਾਨਾ ਬਣਾਉਣਾ ਹੈ, ਇਹ ਹਾਸਲ ਹਾਲਾਤ ਵਿਚ ਸੱਤਾਧਾਰੀ ਧਿਰ ਦੇ ਏਜੰਡਿਆਂ ਅਤੇ ਜ਼ਰੂਰਤਾਂ ਤੋਂ ਤੈਅ ਹੁੰਦਾ ਹੈ।

ਬੂਟਾ ਸਿੰਘ
ਫੋਨ: +91-94634-74342

ਇਜ਼ਰਾਇਲੀ ਜਾਸੂਸੀ ਸਾਫਟਵੇਅਰ 'ਪੇਗਾਸਸ' ਮਨੁੱਖ ਦੀ ਨਿੱਜਤਾ ਲਈ ਅਤਿਅੰਤ ਖ਼ਤਰਨਾਕ ਹੈ। ਇਹ ਫੋਨ ਦਾ ਸਮੁੱਚਾ ਡੇਟਾ ਚੁਰਾਉਣ ਦੇ ਨਾਲ ਇਸ ਦੇ ਕੈਮਰੇ ਅਤੇ ਮਾਈਕ ਨੂੰ ਚਲਾ ਕੇ ਆਲੇ-ਦੁਆਲੇ ਦੀ ਨਕਲੋ-ਹਰਕਤ ਨੂੰ ਰਿਕਾਰਡ ਵੀ ਕਰ ਸਕਦਾ ਹੈ। ਭਾਰਤ ਦੇ ਮੌਜੂਦਾ ਹੁਕਮਰਾਨ ਆਪਣੇ ਸੌੜੇ ਸਵਾਰਥਾਂ ਲਈ ਇਸ ਸਾਫਟਵੇਅਰ ਦੀ ਵਿਆਪਕ ਪੈਮਾਨੇ 'ਤੇ ਦੁਰਵਰਤੋਂ ਕਰਨ ਦੀ ਤਾਕਤ ਹੀ ਨਹੀਂ ਰੱਖਦੇ, ਉਨ੍ਹਾਂ ਦੇ ਡਿਜੀਟਲ ਲਸ਼ਕਰ ਤਾਂ ਪਹਿਲਾਂ ਹੀ ਆਪਣੇ ਏਜੰਡੇ ਅਨੁਸਾਰ ਸਮਾਜ ਦੀ ਭੰਨਘੜ ਕਰਨ ਤੇ ਨਾਪਸੰਦ ਖ਼ਿਆਲਾਂ ਨੂੰ ਨਿਸ਼ਾਨਾ ਬਣਾਉਣ ਦਾ 'ਰਾਸ਼ਟਰੀ ਫਰਜ਼' ਜ਼ੋਰ-ਸ਼ੋਰ ਨਾਲ ਨਿਭਾ ਰਹੇ ਹਨ।

ਯੂਨੀਵਰਸਿਟੀ ਆਫ ਟੋਰਾਂਟੋ ਦੀ ਸਿਟੀਜ਼ਨ ਲੈਬ ਅਨੁਸਾਰ 2016-2018 ਦੇ ਦੋ ਸਾਲ ਦੇ ਅਰਸੇ ਵਿਚ ਕੈਨੇਡਾ, ਬਰਾਜ਼ੀਲ ਅਤੇ ਭਾਰਤ ਸਮੇਤ 45 ਮੁਲਕਾਂ ਵਿਚ ਪੇਗਾਸਸ ਦੀ ਘੁਸਪੈਠ ਸਾਹਮਣੇ ਆਈ। ਪਿਛੇ ਜਿਹੇ ਵੱਟਸਐਪ ਰਾਹੀਂ ਸੰਨ੍ਹ ਲਗਾ ਕੇ ਦੁਨੀਆ ਭਰ ਦੇ 1400 ਵਰਤੋਂਕਾਰਾਂ ਦੀ ਡਿਜੀਟਲ ਜਾਸੂਸੀ ਕੀਤੀ ਗਈ ਹੈ। ਵੱਟਸਐਪ ਅਤੇ ਸਿਟੀਜ਼ਨ ਲੈਬ ਦੋਨਾਂ ਵਲੋਂ ਭਾਰਤ ਦੀਆਂ ਦੋ ਦਰਜਨ ਸ਼ਖ਼ਸੀਅਤਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਇਸ ਦੀ ਜਾਣਕਾਰੀ ਦਿੱਤੀ ਗਈ। ਭਾਰਤ ਦੇ ਅੱਠ ਮੋਬਾਈਲ ਨੈੱਟਵਰਕ ਨੂੰ ਇਸਤੇਮਾਲ ਕਰਕੇ 121 ਜਣਿਆਂ ਦੇ ਫੋਨਾਂ ਵਿਚ ਘੁਸਪੈਠ ਕੀਤੀ ਗਈ। ਇਨ੍ਹਾਂ ਵਿਚੋਂ 20 ਦੇ ਕਰੀਬ ਸ਼ਖ਼ਸੀਅਤਾਂ - ਪ੍ਰੋਫੈਸਰ, ਵਕੀਲ, ਪੱਤਰਕਾਰ ਅਤੇ ਜਮਹੂਰੀ-ਮਨੁੱਖੀ ਹੱਕਾਂ ਦੇ ਕਾਰਕੁਨਾਂ ਨੇ ਇਸ ਦੀ ਪੁਸ਼ਟੀ ਕੀਤੀ ਹੈ।

ਇਹ ਤਾਂ ਉਹ ਨਾਮ ਹਨ ਜਿਨ੍ਹਾਂ ਦੀ ਜਾਸੂਸੀ ਫੜੀ ਗਈ, ਇਨ੍ਹਾਂ ਤੋਂ ਬਿਨਾ ਹੋਰ ਕਿੰਨੇ ਲੋਕਾਂ ਦੇ ਸਮਾਰਟ ਫੋਨਾਂ ਦੇ ਅੰਦਰ ਸਪਾਈਵੇਅਰ ਘੁਸ ਚੁੱਕਾ ਹੈ, ਇਸ ਦਾ ਇਲਮ ਸਿਰਫ ਜਾਸੂਸੀ ਕਰਨ ਅਤੇ ਕਰਵਾਉਣ ਵਾਲਿਆਂ ਨੂੰ ਹੀ ਹੈ। ਸਪਾਈਵੇਅਰ 'ਪੇਗਾਸਸ' ਇਜ਼ਰਾਈਲ ਦੇ ਐਨ.ਐਸ.ਓ. ਗਰੁੱਪ ਵਲੋਂ ਉਚੇਚੇ ਤੌਰ 'ਤੇ ਸਰਕਾਰਾਂ ਲਈ ਬਣਾਇਆ ਗਿਆ ਹੈ। ਐਨ.ਐਸ.ਓ. ਦਾ ਕਹਿਣਾ ਹੈ ਕਿ ਉਨ੍ਹਾਂ ਵਲੋਂ ਇਹ ਸਾਫਟਵੇਅਰ ਸਿਰਫ ਸਰਕਾਰੀ ਏਜੰਸੀਆਂ ਨੂੰ ਹੀ ਵੇਚਿਆ ਜਾਂਦਾ ਹੈ। ਇਸ ਦੇ ਸੰਚਾਲਕ ਓਮਰੀ ਲੈਵੀ ਅਤੇ ਸ਼ਾਲੇਵ ਹੁਲੀਓ, ਇਜ਼ਰਾਈਲ ਦੀ ਸਿਗਨਲ ਇੰਟੈਲੀਜੈਂਸ ਸ਼ਾਖਾ ਯੂਨਿਟ 8200 ਦੇ ਸਾਬਕਾ ਤਜਰਬੇਕਾਰ ਅਧਿਕਾਰੀ ਹਨ ਜਿਸ ਤੋਂ ਇਹ ਸਾਫਟਵੇਅਰ ਈਜਾਦ ਕੀਤੇ ਜਾਣ ਦੀ ਮਨਸ਼ਾ ਨੂੰ ਸਮਝਣਾ ਮੁਸ਼ਕਲ ਨਹੀਂ।

ਮੋਦੀ ਸਰਕਾਰ ਨੇ ਨਾ ਇਹ ਸਾਫਟਵੇਅਰ ਖ਼ਰੀਦਣ ਤੋਂ ਇਨਕਾਰ ਕੀਤਾ ਹੈ, ਨਾ ਇਸ ਨੂੰ ਸਵੀਕਾਰਿਆ ਹੈ। ਇਸ ਨੇ ਸਿਰਫ ਇੰਨਾ ਕਿਹਾ ਹੈ ਕਿ ਸਰਕਾਰ ਨੇ ਜਾਸੂਸੀ ਨਹੀਂ ਕਰਵਾਈ। ਜੇ ਭਾਰਤ ਸਰਕਾਰ ਨੇ ਸਪਾਈਵੇਅਰ ਨਹੀਂ ਖ਼ਰੀਦਿਆ, ਫਿਰ ਕਿਸ ਏਜੰਸੀ ਨੇ ਇਹ ਸਾਫਟਵੇਅਰ ਖ਼ਰੀਦ ਕੇ ਦੋ ਦਰਜਨ ਨਾਗਰਿਕਾਂ ਦੀ ਨਿੱਜਤਾ 'ਤੇ ਹਮਲਾ ਕੀਤਾ? ਇਹ ਸਾਫਟਵੇਅਰ ਜਣੇ-ਖਣੇ ਦੀ ਪਹੁੰਚ ਵਿਚ ਨਹੀਂ, ਸਿਰਫ ਸਰਕਾਰਾਂ ਹੀ ਇਸ ਨੂੰ ਖ਼ਰੀਦ ਸਕਦੀਆਂ ਹਨ।

ਰਿਪੋਰਟਾਂ ਦੱਸਦੀਆਂ ਹਨ ਕਿ ਵੱਖ-ਵੱਖ ਮੁਲਕਾਂ ਦੇ 1400 ਲੋਕਾਂ ਦੀ ਜਾਸੂਸੀ ਉਪਰ 6454 ਕਰੋੜ ਰੁਪਏ ਖ਼ਰਚੇ ਗਏ ਜਿਸ ਵਿਚੋਂ 4900 ਕਰੋੜ ਰੁਪਏ ਸਿਰਫ ਇਸ ਸਪਾਈਵੇਅਰ ਨੂੰ ਖ਼ਰੀਦ ਕੇ ਲਗਾਉਣ ਦਾ ਖ਼ਰਚਾ ਹੈ। ਕਰੋਨੀ ਕਾਰਪੋਰੇਟ ਸਰਮਾਏਦਾਰੀ ਦੇ ਬੋਲਬਾਲੇ ਦੇ ਦੌਰ ਵਿਚ ਸੱਤਾਧਾਰੀ ਧਿਰ ਦੀ ਕਿਸੇ ਚਹੇਤੀ ਨਿੱਜੀ ਸੰਸਥਾ/ਏਜੰਸੀ ਦੇ ਹੱਥ ਵਿਚ ਇਹ ਸਾਫਟਵੇਅਰ ਪਹੁੰਚਣਾ ਵੀ ਸੰਭਵ ਹੈ; ਲੇਕਿਨ ਇਹ ਤੈਅ ਹੈ ਕਿ ਇਹ ਗੈਰਕਾਨੂੰਨੀ ਕਾਰਾ ਸਰਕਾਰ ਜਾਂ ਇਸ ਦੀ ਕਿਸੇ ਨਜ਼ਦੀਕੀ ਏਜੰਸੀ ਦਾ ਹੀ ਹੈ।

ਸੱਤਾ ਵਲੋਂ ਆਪਣੇ ਸਿਆਸੀ ਵਿਰੋਧੀਆਂ ਅਤੇ ਨਾਪਸੰਦ ਲੋਕਾਂ ਦੀ ਜਾਸੂਸੀ ਨਵੀਂ ਗੱਲ ਨਹੀਂ। ਇਸ ਖ਼ਾਤਰ ਖ਼ੁਫੀਆ ਏਜੰਸੀਆਂ ਦਾ ਵਿਸ਼ਾਲ ਤਾਣਾ-ਬਾਣਾ ਮੌਜੂਦ ਹੈ। ਹੁਕਮਰਾਨ ਜਮਾਤ ਨੇ ਕੌਮੀ ਸੁਰੱਖਿਆ ਦੀ ਠੇਕੇਦਾਰੀ ਦੇ ਬਹਾਨੇ ਨਾਗਰਿਕਾਂ ਦੀ ਜਾਸੂਸੀ ਦਾ ਬਾਕਾਇਦਾ ਅਧਿਕਾਰ ਹਾਸਲ ਕੀਤਾ ਹੋਇਆ ਹੈ। ਰਵਾਇਤੀ ਟੈਲੀਫੋਨ ਦੇ ਜ਼ਮਾਨੇ ਤੋਂ ਹੀ ਰਾਜਸੀ ਸ਼ਰੀਕਾਂ ਅਤੇ ਸੱਤਾ ਵਿਰੋਧੀਆਂ ਦੀ ਫੋਨ ਟੈਪਿੰਗ ਕੀਤੀ ਜਾਂਦੀ ਹੈ। ਜਿਸ ਲਈ ਸਰਕਾਰੀ ਮਨਜ਼ੂਰੀ ਦੀ ਰਸਮੀ ਵਿਵਸਥਾ ਸੀ ਅਤੇ ਉਸ ਜ਼ਰੀਏ ਸਿਰਫ ਫੋਨ ਕਾਲਾਂ ਹੀ ਟੈਪ ਕੀਤੀਆਂ ਜਾਂਦੀਆਂ ਸਨ। ਫੋਨ ਟੈਪਿੰਗ ਲਈ ਹਰ ਵਿਅਕਤੀਗਤ ਮਾਮਲੇ ਦੀ ਛਾਣਬੀਣ ਦੀ ਬਜਾਏ ਪੂਰੀ ਸੂਚੀ ਨੂੰ ਹੀ ਮਨਜ਼ੂਰੀ ਦੇਣ ਦਾ ਦਸਤੂਰ ਹੈ। ਹਾਲੀਆ ਸਾਫਟਵੇਅਰ ਦੇ ਮਾਮਲੇ ਵਿਚ ਸਰਕਾਰ ਸਮਾਰਟ ਫੋਨਾਂ ਵਿਚ ਸੰਨ੍ਹ ਲਾਉਣ ਲਈ ਐਸੇ ਕਿਸੇ ਰਸਮੀ ਜ਼ਾਬਤੇ ਦੀ ਵੀ ਪਾਬੰਦ ਨਹੀਂ ਹੈ ਅਤੇ ਫੋਨ ਵਿਚਲਾ ਸਮੁੱਚਾ ਡੇਟਾ ਚੁਪ-ਚੁਪੀਤੇ ਹੀ ਉਨ੍ਹਾਂ ਦੇ ਹੱਥਾਂ ਵਿਚ ਚਲਾ ਜਾਂਦਾ ਹੈ। ਵਰਤੋਂਕਾਰ ਇਸ ਭਰਮ ਵਿਚ ਹਨ ਕਿ ਵੱਟਸਐਪ ਉਪਰ ਵਾਇਸ ਕਾਲਾਂ ਜਾਂ ਹੋਰ ਰੂਪਾਂ ਵਿਚ ਉਨ੍ਹਾਂ ਦਾ ਨਿੱਜੀ ਸੰਚਾਰ ਪੂਰੀ ਤਰ੍ਹਾਂ ਮਹਿਫੂਜ਼ ਹੈ ਜਦਕਿ 'ਪੇਗਾਸਸ' ਵਰਗੇ ਸਾਫਟਵੇਅਰ ਈਜਾਦ ਕਰਕੇ ਇਸ ਸੁਰੱਖਿਆ ਵਿਚ ਸੰਨ੍ਹ ਲਾਉਣ ਦੀ ਤਕਨੀਕੀ ਸਮਰੱਥਾ ਵਿਕਸਤ ਕਰ ਲਈ ਗਈ ਸੀ। ਜਿਸ ਵਿਅਕਤੀ ਦੀ ਜਾਸੂਸੀ ਕਰਨੀ ਹੈ, ਉਸ ਨੂੰ ਇਸ ਸਪਾਈਵੇਅਰ ਜ਼ਰੀਏ ਵਾਇਸ ਕਾਲ ਜਾਂ ਮੈਸੇਜ ਕੀਤਾ ਜਾਂਦਾ ਹੈ। ਜਿਉਂ ਹੀ ਵਰਤੋਂਕਾਰ ਉਸ ਅਣਪਛਾਤੀ ਵਾਇਸ ਕਾਲ ਜਾਂ ਮੈਸੇਜ ਨੂੰ ਕਲਿਕ ਕਰਦਾ ਹੈ, ਸਪਾਈਵੇਅਰ ਅਛੋਪਲੇ ਹੀ ਉਸ ਦੇ ਸਮਾਰਟ ਫੋਨ ਵਿਚ ਘੁਸ ਜਾਂਦਾ ਹੈ ਅਤੇ ਫੋਨ ਵਿਚਲੀ ਸਮੁੱਚੀ ਜਾਣਕਾਰੀ ਜਾਸੂਸੀ ਕਰਨ ਵਾਲਿਆਂ ਦੇ ਕੰਟਰੋਲ ਹੇਠ ਆ ਜਾਂਦੀ ਹੈ। ਯਾਦ ਰਹੇ ਕਿ ਸਾਊਦੀ ਅਰਬ ਵਲੋਂ ਪੱਤਰਕਾਰ ਜਮਾਲ ਖਸ਼ੋਗੀ ਦਾ ਕਤਲ ਕਰਨ ਲਈ ਉਸ ਦੀ ਜਾਸੂਸੀ ਵੀ ਇਸੇ ਸਾਫਟਵੇਅਰ ਜ਼ਰੀਏ ਕੀਤੀ ਗਈ ਸੀ। ਹਾਲੀਆ ਜਾਸੂਸੀ ਵਿਚ ਭਾਵੇਂ ਫੇਸਬੁਕ ਅਤੇ ਵੱਟਸਐਪ ਸ਼ਾਮਲ ਨਹੀਂ, ਲੇਕਿਨ ਇਹ ਸਮੂਹ ਬੇਦਾਗ ਵੀ ਨਹੀਂ। ਇਸ ਉਪਰ ਆਪਣੇ ਵਰਤੋਂਕਾਰਾਂ ਦਾ ਡੇਟਾ ਨਿੱਜੀ ਕਾਰੋਬਾਰੀਆਂ ਨੂੰ ਵੇਚਣ ਦੇ ਗੰਭੀਰ ਇਲਜ਼ਾਮ ਹਨ।



ਇਹ ਤਾਂ ਸਪਸ਼ਟ ਹੈ ਕਿ ਕੇਂਦਰ ਸਰਕਾਰ ਦੀ ਕਿਸੇ ਖ਼ਾਸ ਏਜੰਸੀ ਨੇ ਹੀ ਇਹ ਸਾਫਟਵੇਅਰ ਖ਼ਰੀਦਿਆ ਅਤੇ 29 ਅਪਰੈਲ ਤੋਂ ਲੈ ਕੇ 10 ਮਈ 2019 ਦਰਮਿਆਨ ਲੋਕ ਸਭਾ ਚੋਣਾਂ ਦੇ ਮੌਕੇ ਦੋ ਦਰਜਨ ਨਾਗਰਿਕਾਂ ਦੀ ਜਾਸੂਸੀ ਕਰਵਾਉਣ ਪਿਛੇ ਉਨ੍ਹਾਂ ਦਾ ਕੋਈ ਖ਼ਾਸ ਮਨੋਰਥ ਸੀ। ਹੁਣ ਕੇਂਦਰ ਸਰਕਾਰ ਜਵਾਬਦੇਹੀ ਤੋਂ ਟਾਲਾ ਵੱਟ ਰਹੀ ਹੈ। ਇਸ ਨੇ ਉਲਟਾ, ਨਿੱਜਤਾ ਦੀ ਉਲੰਘਣਾ ਲਈ ਵੱਟਸਐਪ ਤੋਂ ਸਪਸ਼ਟੀਕਰਨ ਮੰਗਿਆ ਹੈ।

ਵੱਟਸਐਪ ਦੀ ਕਰਤਾ-ਧਰਤਾ ਫੇਸਬੁਕ ਨੇ ਸਾਨ ਫਰਾਂਸਿਸਕੋ ਦੀ ਫੈਡਰਲ ਅਦਾਲਤ ਵਿਚ ਮੁਕੱਦਮਾ ਦਰਜ ਕਰਵਾ ਕੇ ਐਨ.ਐਸ.ਓ. ਗਰੁੱਪ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਹੈ ਕਿ ਉਸ ਨੇ ਵੱਟਸਐਪ ਸਰਵਰ ਦਾ ਇਸਤੇਮਾਲ ਕਰਕੇ ਵੱਟਸਐਪ ਦੇ 1400 ਵਰਤੋਂਕਾਰਾਂ ਦੀ ਜਾਸੂਸੀ ਕਰਵਾਈ ਹੈ। ਵੱਟਸਐਪ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਉਨ੍ਹਾਂ ਵਲੋਂ ਮਈ 2019 'ਚ ਹੀ ਭਾਰਤ ਅਤੇ ਹੋਰ ਮੁਲਕਾਂ ਦੀਆਂ ਸਰਕਾਰਾਂ ਦੀਆਂ ਸਬੰਧਤ ਅਥਾਰਟੀਜ਼ ਨੂੰ 'ਪੇਗਾਸਸ' ਦੇ ਖ਼ਤਰੇ ਬਾਰੇ ਖ਼ਬਰਦਾਰ ਕਰ ਦਿੱਤਾ ਗਿਆ ਸੀ। ਬੁੱਧੀਜੀਵੀਆਂ ਦੇ ਕੰਪਿਊਟਰ ਫਰੋਲ ਕੇ 'ਸਟੇਟ ਵਿਰੁਧ ਜੰਗ ਦੀ ਸਾਜ਼ਿਸ਼' ਦੇ ਸਬੂਤ ਪੇਸ਼ ਕਰਨ ਵਾਲੀ ਸਰਕਾਰ ਇਸ ਸਵਾਲ ਦਾ ਜਵਾਬ ਨਹੀਂ ਦੇ ਰਹੀ ਕਿ ਇਸ ਗੰਭੀਰ ਚਿਤਾਵਨੀ ਦੇ ਮੱਦੇਨਜ਼ਰ ਨਾਗਰਿਕਾਂ ਦੀ ਨਿੱਜਤਾ ਦੀ ਸਲਾਮਤੀ ਲਈ ਇਸ ਵਲੋਂ ਕੀ ਪੇਸ਼ਬੰਦੀਆਂ ਕੀਤੀਆਂ ਗਈਆਂ?

ਸਿਟੀਜ਼ਨ ਲੈਬ ਨੇ ਆਪਣੀ 2018 ਦੀ ਰਿਪੋਰਟ ਵਿਚ ਕਿਹਾ ਸੀ ਕਿ ਪੇਗਾਸਸ ਦਾ ਇਸਤੇਮਾਲ ਉਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਵਲੋਂ ਕੀਤਾ ਜਾ ਰਿਹਾ ਹੈ ਜਿਨ੍ਹਾਂ ਦਾ ਮਨੁੱਖੀ ਹੱਕਾਂ ਦਾ ਰਿਕਾਰਡ ਸ਼ੱਕੀ ਹੈ ਅਤੇ ਜਿਨ੍ਹਾਂ ਦੀਆਂ ਸਟੇਟ ਸੁਰੱਖਿਆ ਸੇਵਾਵਾਂ ਦਾ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਦਾ ਦਾਗੀ ਇਤਿਹਾਸ ਹੈ। ਭਾਰਤੀ ਸਟੇਟ ਦੀ ਮਨੁੱਖੀ ਹੱਕਾਂ ਦੇ ਮਾਮਲੇ ਵਿਚ ਭੂਮਿਕਾ ਹਮੇਸ਼ਾ ਸਵਾਲਾਂ ਦੇ ਘੇਰੇ 'ਚ ਰਹੀ ਹੈ। ਜੋ ਜਾਗਰੂਕ ਨਾਗਰਿਕ ਮਨੁੱਖੀ ਹੱਕਾਂ ਲਈ ਆਵਾਜ਼ ਉਠਾਉਂਦੇ ਹਨ, ਭਾਰਤੀ ਸਟੇਟ ਉਨ੍ਹਾਂ ਦੀ ਜ਼ੁਬਾਨਬੰਦੀ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਇਸ ਦੀ ਮਿਸਾਲ ਹੈ।

ਜਾਸੂਸੀ ਕਰਨ ਵਾਲਿਆਂ ਨੂੰ ਭਾਵੇਂ 'ਅਗਿਆਤ ਇਕਾਈਆਂ' ਦੱਸਿਆ ਜਾ ਰਿਹਾ ਹੈ ਲੇਕਿਨ ਇਹ ਸਮਝਣਾ ਮੁਸ਼ਕਿਲ ਨਹੀਂ ਕਿ ਇਹ ਸਰਕਾਰੀ ਏਜੰਸੀਆਂ ਹੀ ਹਨ ਜੋ ਹੁਕਮਰਾਨ ਧਿਰ ਦੇ ਆਦੇਸ਼ ਤੋਂ ਬਿਨਾ ਇਹ ਜਾਸੂਸੀ ਨਹੀਂ ਕਰ ਸਕਦੀਆਂ। ਭਾਰਤ ਵਿਚ ਜਿਨ੍ਹਾਂ ਦੀ ਜਾਸੂਸੀ ਕੀਤੀ ਜਾ ਰਹੀ ਸੀ, ਉਨ੍ਹਾਂ ਦੀ ਸੂਚੀ ਹੀ ਸਪਸ਼ਟ ਕਰ ਦਿੰਦੀ ਹੈ ਕਿ ਇਸ ਗੈਰ ਕਾਨੂੰਨੀ, ਅਨੈਤਿਕ ਮੁਹਿੰਮ ਵਿਚ ਕਿਸ ਦੇ ਹਿਤ ਹਨ? ਭਾਰਤ ਵਿਚ ਜਾਸੂਸੀ ਦਾ ਨਿਸ਼ਾਨਾ ਬਣੇ ਵਰਤੋਂਕਾਰ ਉਹ ਪ੍ਰੋਫੈਸਰ, ਵਕੀਲ, ਪੱਤਰਕਾਰ ਅਤੇ ਕਾਰਕੁਨ ਹਨ ਜੋ ਦੱਬੇ-ਕੁਚਲੇ ਅਤੇ ਹਾਸ਼ੀਆਗ੍ਰਸਤ ਹਿੱਸਿਆਂ ਦੇ ਹਿੱਤਾਂ ਅਤੇ ਜਮਹੂਰੀ ਹੱਕਾਂ ਲਈ ਆਵਾਜ਼ ਉਠਾ ਰਹੇ ਹਨ ਜਾਂ ਉਨ੍ਹਾਂ ਦੇ ਅਦਾਲਤੀ ਮਾਮਲਿਆਂ ਦੀ ਕਾਨੂੰਨੀ ਪੈਰਵਾਈ ਕਰ ਰਹੇ ਹਨ। ਲਾਇਰਜ਼ ਕੁਲੈਕਟਿਵ ਜੈਗਲੈਗ ਦੀ ਸਰਗਰਮ ਕਾਰਕੁਨ ਐਡਵੋਕੇਟ ਸ਼ਾਲਿਨੀ ਗੇਰਾ, ਪ੍ਰੋਫੈਸਰ ਆਨੰਦ ਤੇਲਤੁੰਬੜੇ, ਮਨੁੱਖੀ ਅਧਿਕਾਰ ਕਾਰਕੁਨ ਬੇਲਾ ਭਾਟੀਆ, ਤਿਲੰਗਾਨਾ ਹਾਈਕੋਰਟ ਦੇ ਐਡਵੋਕੇਟ ਬਾਲਾ ਰਾਵਿੰਦਰਨਾਥ, ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਸਰੋਜ ਗਿਰੀ, ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਵਿਚ ਬੁੱਧੀਜੀਵੀਆਂ ਦੀ ਪੈਰਵਾਈ ਕਰ ਰਹੇ ਐਡਵੋਕੇਟ ਨਿਹਾਲ ਸਿੰਘ ਰਾਠੌਰ ਅਤੇ ਐਡਵੋਕੇਟ ਸੁਧਾ ਭਾਰਦਵਾਜ ਦੇ ਪੈਰਵਾਈਕਰਤਾ ਐਡਵੋਕੇਟ ਅੰਕਿਤ ਗਰੇਵਾਲ, ਜਮਹੂਰੀ ਹੱਕਾਂ ਦੇ ਕਾਰੁਕਨ ਅਸ਼ੀਸ ਗੁਪਤਾ, ਵਿਸ਼ਲੇਸ਼ਣਕਾਰ ਤੇ ਕਾਲਮਨਵੀਸ ਰਾਜੀਵ ਸ਼ਰਮਾ, ਪੱਤਰਕਾਰ ਤੇ ਕਾਰਕੁਨ ਸੀਮਾ ਆਜ਼ਾਦ, ਪੱਤਰਕਾਰ ਸ਼ੁਭਰਾਂਸ਼ੂ ਚੌਧਰੀ, ਪੱਤਰਕਾਰ ਸਿਧਾਂਤ ਸਿੱਬਲ, ਦਲਿਤ ਕਾਰਕੁਨ ਰੂਪਾਲੀ ਯਾਦਵ, ਪ੍ਰੋਫੈਸਰ ਵਰਵਰਾ ਰਾਓ ਦੀ ਬੇਟੀ ਪੀ. ਪਵਨ, ਅਕਾਦਮਿਕ-ਕਾਰਕੁਨ ਅਜਮਲ ਖ਼ਾਨ, ਐਡਵੋਕੇਟ ਮਨਦੀਪ ਸਿੰਘ, ਪੱਤਰਕਾਰ ਤੇ ਸਾਬਕਾ ਐਮ.ਪੀ. ਸੰਤੋਸ਼ ਭਾਰਤੀਯ ਇਨ੍ਹਾਂ ਵਿਚ ਸ਼ਾਮਿਲ ਹਨ।

ਲਿਹਾਜ਼ਾ, ਡਿਜੀਟਲ ਜਾਸੂਸੀ ਕੋਈ ਮਾਮੂਲੀ ਜੁਰਮ ਨਹੀਂ ਸਗੋਂ ਹੁਕਮਰਾਨਾਂ ਨੂੰ ਨਾਪਸੰਦ ਬੁੱਧੀਜੀਵੀਆਂ ਅਤੇ ਕਾਰਕੁਨਾਂ ਵਿਰੁਧ ਕਿਸੇ ਡੂੰਘੀ ਸਾਜ਼ਿਸ਼ ਦਾ ਹਿੱਸਾ ਹੈ। ਐਡਵੋਕੇਟ ਰਾਠੌਰ ਨੇ ਤਾਂ ਇਥੋਂ ਤਕ ਕਿਹਾ ਹੈ ਕਿ ਇਸ ਸਪਾਈਵੇਅਰ ਜ਼ਰੀਏ ਕਿਸੇ ਵੀ ਵਿਅਕਤੀ ਨੂੰ ਭੀਮਾ-ਕੋਰੇਗਾਓਂ ਸਾਜ਼ਿਸ਼ ਦੀ ਤਰਜ਼ 'ਤੇ ਕਿਸੇ ਫਰਜ਼ੀ ਮਾਮਲੇ ਵਿਚ ਫਸਾਉਣ ਲਈ ਉਸ ਦੇ ਡਿਜੀਟਲ ਡਿਵਾਇਸ ਵਿਚ ਜਾਅਲੀ ਡੇਟਾ ਵੀ ਰੱਖਿਆ ਜਾ ਸਕਦਾ ਹੈ।

ਫਾਸ਼ੀਵਾਦੀ ਇਜ਼ਰਾਈਲੀ ਰਾਜ ਦੀ ਭਾਰਤੀ ਸਥਾਪਤੀ ਨਾਲ ਗੂੜ੍ਹੀ ਸਾਂਝ ਹੈ ਅਤੇ ਪੇਗਾਸਸ ਵਰਗੇ ਅਤਿ-ਆਧੁਨਿਕ ਖ਼ਰਚੀਲੇ ਸਾਫਟਵੇਅਰ ਦੀ ਵਰਤੋਂ ਕਰਕੇ ਨਾਗਰਿਕਾਂ ਦੀ ਨਿੱਜੀ ਜ਼ਿੰਦਗੀ ਉਪਰ ਐਡਾ ਵੱਡਾ ਹਮਲਾ ਸੱਤਾ ਦੀ ਤਾਕਤ ਅਤੇ ਮਿਲੀਭੁਗਤ ਤੋਂ ਬਿਨਾਂ ਸੰਭਵ ਨਹੀਂ। ਕੋਈ ਵੀ ਬਹਾਨਾ ਬਣਾ ਕੇ ਭਾਰਤੀ ਰਾਜ ਨਾਗਰਿਕਾਂ ਦੀ ਨਿੱਜਤਾ ਦੇ ਅਧਿਕਾਰ ਉਪਰ ਹਮਲੇ ਦੀ ਜਵਾਬਦੇਹੀ ਤੋਂ ਨਹੀਂ ਬਚ ਸਕਦਾ ਹੈ, ਕਿਉਂਕਿ ਨਾਗਰਿਕਾਂ ਦੀ ਨਿੱਜਤਾ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਸੰਵਿਧਾਨਕ ਜ਼ਿੰਮਾ ਸਰਕਾਰਾਂ ਦਾ ਹੈ ਤੇ ਜਮਹੂਰੀ ਮੁੱਲਾਂ ਦੀ ਸਰਵਵਿਆਪਕ ਪ੍ਰਵਾਨਗੀ ਦੇ ਜ਼ਮਾਨੇ 'ਚ ਨਾਗਰਿਕਾਂ ਦੀ ਡਿਜੀਟਲ ਜਾਸੂਸੀ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਸਮੂਹ ਨਾਗਰਿਕਾਂ ਨੂੰ ਇਸ ਖ਼ਤਰਨਾਕ ਵਰਤਾਰੇ ਤੋਂ ਸੁਚੇਤ ਹੋਣਾ ਹੋਵੇਗਾ, ਕਿਉਂਕਿ ਜੇ ਇਸ ਵਿਰੁਧ ਵਿਆਪਕ ਲੋਕ ਰਾਇ ਤਿਆਰ ਕਰਕੇ ਇਸ ਨੂੰ ਰੋਕਿਆ ਨਹੀਂ ਜਾਂਦਾ ਤਾਂ ਆਉਣ ਵਾਲੇ ਸਮੇਂ ਵਿਚ ਇਸ ਨੂੰ ਲੋਕ ਹਿੱਤਾਂ ਲਈ ਸੰਘਰਸ਼ਸ਼ੀਲ ਤਾਕਤਾਂ ਅਤੇ ਸੰਘਰਸ਼ਾਂ ਵਿਰੁਧ ਵਿਆਪਕ ਪੈਮਾਨੇ 'ਤੇ ਵਰਤਿਆ ਜਾਵੇਗਾ। ਇਹ ਸੱਤਾ ਦੇ ਆਪਹੁਦਰੇਪਣ ਅਤੇ ਸੰਵਿਧਾਨਕ ਜਵਾਬਦੇਹੀ ਨੂੰ ਟਿੱਚ ਸਮਝਣ ਦੇ ਸੱਤਾਵਾਦੀ ਰੁਝਾਨ ਦੇ ਹੱਥ ਇਸ ਕਦਰ ਮਜ਼ਬੂਤ ਕਰ ਦੇਵੇਗਾ ਕਿ ਜਮਹੂਰੀ ਹੱਕ ਮਜ਼ਾਕ ਬਣ ਕੇ ਰਹਿ ਜਾਣਗੇ ਅਤੇ ਫਾਸ਼ੀਵਾਦੀ ਮਨਮਾਨੀਆਂ ਦਾ ਰਾਹ ਪੂਰੀ ਤਰ੍ਹਾਂ ਖੁੱਲ੍ਹ ਜਾਵੇਗਾ।

# ਨਸ਼ਾ ਕਾਰੋਬਾਰ ਦੀ ਸਿੰਗਲ ਵਿੰਡੋ ਸੇਵਾ

ਕਦੇ ਨਸ਼ਿਆਂ ਦਾ ਦੌਰ ਅਜਿਹਾ ਵੀ ਹੁੰਦਾ ਸੀ: ਇਸ ਕਾਰੋਬਾਰ ਦੀਆਂ ਤਿੰਨ ਪ੍ਰਤੱਖ ਧਿਰਾਂ ਹੁੰਦੀਆਂ ਸਨ। ਇਕ ਧਿਰ ਨਸ਼ਾ ਵੇਚਣ ਵਾਲਿਆਂ ਜਾਂ ਨਸ਼ਾ ਮੁਹੱਈਆ ਕਰਵਾਉਣ ਵਾਲਿਆਂ ਦੀ ਹੁੰਦੀ ਸੀ। ਦੂਜੀ ਧਿਰ ਨਸ਼ੇ ਦੇ ਖਪਤਕਾਰਾਂ ਦੀ ਹੁੰਦੀ ਸੀ ਤੇ ਤੀਜੀ ਧਿਰ ਪੁਲਿਸ ਦੀ ਹੁੰਦੀ ਸੀ, ਜਿਹੜੀ ਇਸ ਗੈਰ ਕਾਨੂੰਨੀ ਕਾਰੋਬਾਰ ਨੂੰ ਖ਼ਤਮ ਕਰਨ ਦੀ ਭੂਮਿਕਾ ਨਿਭਾਉਂਦੀ ਸੀ। ਇਨ੍ਹਾਂ ਤਿੰਨਾਂ ਧਿਰਾਂ ਨਾਲ ਜੁੜੇ ਬੰਦੇ ਇਕ-ਦੂਜੇ ਨਾਲੋਂ ਵੱਖਰੇ ਕਿਰਦਾਰ ਵਾਲੇ ਹੁੰਦੇ ਸਨ, ਭਾਵ ਤਿੰਨਾਂ ਧਿਰਾਂ ਦੇ ਕਿਰਦਾਰ ਚੰਗੀ ਤਰ੍ਹਾਂ ਪਰਿਭਾਸ਼ਿਤ ਹੁੰਦੇ ਸਨ।

ਪ੍ਰੋ. ਰਾਕੇਸ਼ ਰਮਨ

ਨਸ਼ਾ ਤਸਕਰ ਨੂੰ ਬਲੈਕੀਏ ਦੇ ਰੂਪ ਵਿਚ ਪਛਾਣਿਆ ਜਾਂਦਾ ਸੀ, ਨਸ਼ਾ ਕਰਨ ਵਾਲੇ ਨੂੰ ਨਸ਼ੇੜੀ ਦੇ ਰੂਪ ਵਿਚ ਅਤੇ ਪੁਲਿਸ ਵਾਲੇ ਨੂੰ ਕਾਨੂੰਨ ਦੇ ਰਖਵਾਲੇ ਵਜੋਂ। ਅੱਜ ਵੀ ਸਾਨੂੰ ਫਿਲਮਾਂ ਵਿਚ ਇਹ ਤਿੰਨ ਤਰ੍ਹਾਂ ਦੇ ਲੋਕ ਇਸੇ ਤਰ੍ਹਾਂ ਦੀਆਂ ਭੂਮਿਕਾਵਾਂ ਨਿਭਾਉਂਦੇ ਦਿਖਾਈ ਦਿੰਦੇ ਹਨ ਪਰ ਸਮਾਜ ਵਿਚ ਇਨ੍ਹਾਂ ਦੀ ਸਥਿਤੀ ਤੇ ਇਨ੍ਹਾਂ ਦੇ ਪਰਸਪਰ ਸਬੰਧ ਬਹੁਤ ਬਦਲ ਗਏ ਹਨ। ਜੇ ਅਸੀਂ ਨਸ਼ਾ-ਕਾਰੋਬਾਰਾਂ ਦੇ ਸਮਕਾਲੀ ਕਿਰਦਾਰਾਂ ਨੂੰ ਉਕਤ ਚੌਖਟੇ ਰਾਹੀਂ ਸਮਝਣ ਦੀ ਕੋਸ਼ਿਸ਼ ਕਰਾਂਗੇ ਤਾਂ ਕਈ ਵਾਰ ਟਪਲਾ ਵੀ ਖਾ ਜਾਵਾਂਗੇ।

ਪਿਛੇ ਜਿਹੇ ਇਕ ਪੁਲਿਸ ਅਧਿਕਾਰੀ ਨਸ਼ਿਆਂ ਦਾ ਕਾਰੋਬਾਰ ਕਰਦਾ ਫੜਿਆ ਗਿਆ। ਇਸ ਅਧਿਕਾਰੀ ਬਾਰੇ ਮੀਡੀਆ ਰਿਪੋਰਟਾਂ 'ਚ ਹੈਰਾਨ ਕਰਨ ਵਾਲੀ ਇਹ ਜਾਣਕਾਰੀ ਵੀ ਪ੍ਰਕਾਸ਼ਿਤ ਹੋਈ ਕਿ ਇਹ ਨਸ਼ਾ ਛੁਡਾਊ ਗਤੀਵਿਧੀਆਂ ਵਿਚ ਵੀ ਬੜੀ ਸਰਗਰਮੀ ਨਾਲ ਭਾਗ ਲੈਂਦਾ ਸੀ।

ਸਿਤਮ ਦੀ ਗੱਲ ਹੈ ਕਿ ਨਸ਼ਾ-ਖਪਤਕਾਰ, ਨਸ਼ਾ-ਤਸਕਰ ਅਤੇ ਨਸ਼ਾ-ਕੰਟਰੋਲ ਕਰਨ ਵਾਲੇ ਦੀਆਂ ਭੂਮਿਕਾਵਾਂ ਰਲਗੱਡ ਹੋ ਗਈਆਂ ਹਨ। ਇਸ ਸਾਰੀ ਗੜਬੜ ਨੂੰ ਅੰਤਿਮ ਰੂਪ ਵਿਚ ਸਰਕਾਰ ਹੀ ਸੰਚਾਲਿਤ ਕਰਦੀ ਹੈ, ਵਿਸ਼ੇਸ਼ ਕਰ ਕੇ ਲੋਕਤੰਤਰੀ ਸਰਕਾਰ, ਲੋਕਾਂ ਦੁਆਰਾ ਚੁਣੀ ਹੋਈ ਸਰਕਾਰ। ਦਰਅਸਲ, ਜਦੋਂ ਵੀ ਕੋਈ ਕਾਰੋਬਾਰ ਵਧਦਾ-ਫੁਲਦਾ ਹੈ, ਉਹ ਸਰਕਾਰ ਵਿਚ ਆਪਣੀ ਥਾਂ ਬਣਾਉਂਦਾ ਹੈ, ਭਾਵ ਸਰਕਾਰ ਪਾਸੋਂ ਆਪਣੀ ਸੁਰੱਖਿਆ ਦਾ ਬੰਦੋਬਸਤ ਕਰਵਾਉਂਦਾ ਹੈ। ਕੰਮ ਕੋਈ ਵੀ ਹੋਵੇ, ਕਾਨੂੰਨੀ ਹੋਵੇ ਜਾਂ ਗੈਰ ਕਾਨੂੰਨੀ, ਇਸੇ ਤਰ੍ਹਾਂ ਹੀ ਚਲਦਾ ਹੈ।

ਗੈਰ ਕਾਨੂੰਨੀ ਧੰਦਿਆਂ ਵਿਚ ਲੱਗੇ ਹੋਏ ਲੋਕ ਸਰਕਾਰ ਵਿਚਲੇ ਬੰਦਿਆਂ ਨਾਲ ਗੰਢ-ਤੁਪ ਕਰਦੇ ਹਨ। ਤਸਕਰ, ਪੁਲਿਸ ਅਤੇ ਸਰਕਾਰ ਵਿਚਕਾਰ ਗੰਢ-ਤੁਪ ਦੀ ਸੌਖੀ ਜਿਹੀ ਵਿਆਖਿਆ ਇਹ ਹੈ ਕਿ ਸਰਕਾਰੀ ਰਸੂਖ਼ ਰਾਹੀਂ ਤਸਕਰ ਪੁਲਿਸ ਕੋਲੋਂ ਆਪਣੀ ਤਸਕਰੀ ਲਈ ਲੋੜੀਂਦੀ ਢਿੱਲ ਲੈ ਸਕਦਾ ਹੈ, ਤੇ ਇਸ ਕਾਰੋਬਾਰ ਵਿਚੋਂ ਮਿਲਦੇ ਲਾਭ ਵਿਚੋਂ ਤਿੰਨਾਂ ਧਿਰਾਂ ਨੂੰ ਹਿੱਸਾ ਮਿਲ ਜਾਂਦਾ ਹੈ।

ਪੰਜਾਬ ਦੇ ਨਸ਼ਾ-ਕਾਰੋਬਾਰੀਆਂ ਵਲੋਂ ਸਰਕਾਰ ਵਿਚ ਆਪਣੇ ਲਈ ਥਾਂ ਬਣਾ ਲਏ ਜਾਣ ਦੀ ਚਰਚਾ ਆਮ ਚਲਦੀ ਰਹਿੰਦੀ ਹੈ। ਇਸ ਕਾਰੋਬਾਰ ਦੇ ਮਾਮਲੇ ਵਿਚ ਕਈ ਵਜ਼ੀਰਾਂ 'ਤੇ ਪਰਚੇ ਹੋਏ, ਕੇਸ ਚੱਲੇ ਤੇ ਉਚ ਪੱਧਰੀ ਜਾਚ ਪੜਤਾਲ ਵੀ ਹੋਈ। ਸਰਕਾਰ ਅੰਦਰਲੇ ਤੱਤਾਂ ਦੀ ਨਸ਼ੇ ਦੇ ਕਾਰੋਬਾਰ ਨਾਲ ਜੁੜੇ ਹੋਣ ਦੀ ਪੁਸ਼ਟੀ ਇਸ ਗੱਲ ਤੋਂ ਵੀ ਹੁੰਦੀ ਹੈ ਕਿ ਨਸ਼ਾ ਤਸਕਰ ਛਾਪਾ ਆਦਿ ਪੈਣ ਦੀ ਸੂਰਤ ਵਿਚ ਜਨਤਕ ਤੌਰ 'ਤੇ ਹੀ ਇਹ ਕਹਿ ਦਿੰਦੇ ਹਨ ਕਿ ਉਹ ਫਲਾਂ ਵਜ਼ੀਰ ਦੇ ਬੰਦੇ ਹਨ, ਭਾਵ ਪੁਲਿਸ ਆਦਿ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੀ। ਇਉਂ ਨਸ਼ਾ ਤਸਕਰਾਂ ਦੀ ਉਪਰਲੇ ਸਰਕਾਰੀ ਅਹੁਦਿਆਂ ਤੱਕ ਪਹੁੰਚ ਬਾਰੇ ਕੋਈ ਦੋ ਰਾਵਾਂ ਨਹੀਂ ਹਨ। ਇਨ੍ਹਾਂ ਅਹੁਦਿਆਂ ਨੂੰ ਤਾਂ ਉਹ ਇਕ ਤਰ੍ਹਾਂ ਨਾਲ ਆਪਣੀ ਮੁੱਠੀ ਵਿਚ ਹੀ ਸਮਝ ਰਹੇ ਹਨ।

ਖ਼ੈਰ, ਇਸ ਪਖੋਂ ਸਥਿਤੀ ਫਿਰ ਵੀ ਕੁਝ ਤਸੱਲੀ ਦੇਣ ਵਾਲੀ ਹੈ ਕਿ ਜੇ ਭਾਰਤੀ ਲੋਕਤੰਤਰ ਦਾ ਮੌਕਾਪ੍ਰਸਤ ਅਪਰਾਧਿਕ ਤੱਤਾਂ ਨੂੰ ਆਪਣੇ ਅੰਦਰ ਜਗ੍ਹਾ ਦੇ ਦਿੰਦਾ ਹੈ ਤਾਂ ਇਹ ਇਨ੍ਹਾਂ ਤੱਤਾਂ ਦੇ ਖ਼ਿਲਾਫ ਜੱਦੋ-ਜਹਿਦ ਕਰਨ ਵਾਲਿਆਂ ਨੂੰ ਵੀ ਬਰਾਬਰ ਮੌਕੇ, ਮੰਚ ਅਤੇ ਥਾਂ ਮੁਹੱਈਆ ਕਰਦਾ ਹੈ। ਨਸ਼ਾ ਤਸਕਰੀ ਦਾ ਇਸ ਤੋਂ ਅਗਲਾ ਮੰਜ਼ਰ ਬਹੁਤ ਖ਼ਤਰਨਾਕ ਹੈ। ਇਹ ਮੰਜ਼ਰ ਉਦੋਂ ਬਣਦਾ ਹੈ ਜਦੋਂ ਨਸ਼ਾ ਤਸਕਰੀ ਦਾ ਖੌਫਨਾਕ ਮੰਜ਼ਰ ਵੀ ਜ਼ਿਆਦਾ ਨੇੜੇ ਹੁੰਦਾ ਜਾਂਦਾ ਹੈ। ਇਸ ਖ਼ਤਰਨਾਕ ਮੰਜ਼ਰ ਦੀ ਘਟਨਾ ਇਤਿਹਾਸ ਵਿਚ ਪਹਿਲਾਂ ਵੀ ਅਮਰੀਕਾ ਵਿਚ ਵਾਪਰ ਚੁੱਕੀ ਹੈ। 20ਵੀਂ ਸਦੀ ਦੇ ਪਹਿਲੇ ਅੱਧ ਵਿਚ ਜਦੋਂ ਉਥੇ ਸ਼ਰਾਬਬੰਦੀ ਲਾਗੂ ਕੀਤੀ ਗਈ ਤਾਂ ਸ਼ਰਾਬ ਦਾ ਗੈਰ ਕਾਨੂੰਨੀ ਵਪਾਰ ਕਰਨ ਵਾਲੇ ਗਰੋਹ ਕਰੋੜਾਂ ਦੀ ਕਮਾਈ ਕਰ ਕੇ ਐਨੇ ਸ਼ਕਤੀਸ਼ਾਲੀ ਹੋ ਗਏ ਸਨ ਕਿ ਉਨ੍ਹਾਂ ਨੇ ਆਪਣੇ ਕਾਰੋਬਾਰ ਲਈ ਲੋੜੀਂਦੀ, ਵੱਡੀ ਪੱਧਰ ਦੀ ਅਰਾਜਕਤਾ ਫੈਲਾਅ ਦਿੱਤੀ ਸੀ ਤੇ ਆਪਣੇ ਰਾਹ 'ਚ ਆਉਣ ਵਾਲੇ ਹਰ ਰੋੜੇ ਨੂੰ ਤੁਰੰਤ ਟਿਕਾਣੇ ਲਾ ਦਿੰਦੇ ਸਨ।

ਜਦੋਂ ਨਸ਼ਾ ਤਸਕਰ ਇਸ ਹੱਦ ਤੱਕ ਤਾਕਤਵਰ ਹੋ ਜਾਣ ਕਿ ਹਰ ਪਾਸੇ ਉਨ੍ਹਾਂ ਦਾ ਹੀ ਬੋਲਬਾਲਾ ਹੋਵੇ, ਉਦੋਂ ਉਹ ਸੱਤਾ ਦੇ ਆਖ਼ਰੀ ਡੰਡੇ 'ਤੇ ਪਹੁੰਚੇ ਹੋਏ ਹੁੰਦੇ ਹਨ। ਅਪਰਾਧੀਆਂ ਦੇ ਹੱਥ ਸੱਤਾ ਦਾ ਕੇਂਦਰਿਤ ਹੋ ਜਾਣਾ ਸਮਾਜ ਦਾ ਸਭ ਤੋਂ ਵੱਡਾ ਦੁਖਾਂਤ ਹੁੰਦਾ ਹੈ। ਅਜਿਹੀ ਸਥਿਤੀ ਵਿਚ ਨਸ਼ੇ ਇਸ ਤਰ੍ਹਾਂ ਉਪਲਬਧ ਹੋ ਜਾਂਦੇ ਹਨ, ਜਿਵੇਂ ਕਿਸੇ ਅਦਾਰੇ ਵਿਚ ਕੋਈ ਸੇਵਾ ਸਿੰਗਲ ਵਿੰਡੋ 'ਤੇ ਹੀ ਉਪਲਬਧ ਹੋਵੇ। ਇਸ ਸਿੰਗਲ ਵਿੰਡੋ ਸੇਵਾ ਨੂੰ ਖ਼ਤਮ ਕਰਨਾ ਬਹੁਤ ਔਖਾ ਹੋ ਜਾਂਦਾ ਹੈ। ਖਪਤਕਾਰ ਦੀ ਸਹੂਲਤ ਨੂੰ ਖ਼ਤਮ ਕਰਨਾ ਤਾਂ ਹੋਰ ਵੀ ਜ਼ਿਆਦਾ ਔਖਾ ਹੁੰਦਾ ਹੈ, ਕਿਉਂਕਿ 'ਆਦੀ' ਬੰਦੇ ਦੀ 'ਆਦਤ' ਛੁਡਵਾਉਣੀ ਕੋਈ ਸੌਖਾ ਕੰਮ ਨਹੀਂ ਹੁੰਦਾ।

# ਨਹੀਂ ਰਹੀ 'ਟਕੂਏ 'ਤੇ ਟਕੂਆ ਖੜਕੇ' ਵਾਲੀ ਗਾਇਕਾ ਸੁਰਿੰਦਰ ਸੋਨੀਆ

ਅੱਜ ਤੋਂ ਪੰਜ ਦਹਾਕੇ ਪਹਿਲਾਂ ਦੀ ਗੱਲ ਕਰੀਏ ਤਾਂ ਕੁੜੀਆਂ ਦਾ ਗਾਉਣਾ ਚੰਗਾ ਨਹੀਂ ਸੀ ਸਮਝਿਆ ਜਾਂਦਾ। ਅਜਿਹੇ ਹਾਲਾਤ ਵਿਚ ਬੜੀ ਮਿਹਨਤ ਨਾਲ ਪ੍ਰਕਾਸ਼ ਕੌਰ, ਸੁਰਿੰਦਰ ਕੌਰ, ਨਰਿੰਦਰ ਬੀਬਾ ਤੇ ਸਵਰਨ ਲਤਾ ਨੇ ਪੰਜਾਬੀ ਲੋਕ ਗਾਇਕੀ ਵਿਚ ਆਪਣੀ ਪਛਾਣ ਬਣਾਈ। ਇਨ੍ਹਾਂ ਮਸ਼ਹੂਰ ਗਾਇਕਾਵਾਂ ਤੋਂ ਗਾਇਕੀ ਦੇ ਗੁਰ ਸਿੱਖ ਕੇ ਸੁਰਿੰਦਰ ਸੋਨੀਆ ਨੇ ਪੰਜਾਬੀ ਦੋਗਾਣਾ ਗਾਇਕੀ ਵਿਚ ਆਪਣਾ ਨਾਂ ਚਮਕਾਇਆ। ਗਾਇਕ ਨਜ਼ੀਰ ਮੁਹੰਮਦ ਦੇ ਇਕ ਰਿਕਾਰਡ ਵਿਚ ਸੁਰਿੰਦਰ ਸੋਨੀਆ ਨੇ 'ਪੁੱਛੀਂ ਤਾਂ ਸਹੀ ਨਨਾਣੇ ਤੇਰੇ ਵੀਰ



**ਸ਼ਮਸ਼ੇਰ ਸਿੰਘ ਸੋਹੀ**
**ਫੋਨ: 91-98764-74671**

ਨੂੰ, ਰਾਤ ਦਾ ਨਾ ਬੋਲੇ ਮੇਰੇ ਨਾਲ' ਸੋਲੋ ਗੀਤ ਗਾਇਆ, ਜੋ ਸੁਪਰਹਿੱਟ ਹੋਇਆ, ਜਿਸ ਨੂੰ ਸਰੋਤੇ ਅੱਜ ਵੀ ਪਸੰਦ ਕਰਦੇ ਹਨ। ਗਾਇਕਾ ਮਿਸ ਪੂਜਾ ਵਾਂਗ ਉਨ੍ਹਾਂ ਸਮਿਆਂ ਵਿਚ ਸੁਰਿੰਦਰ ਸੋਨੀਆਂ ਜਿਸ ਵੀ ਕਲਾਕਾਰ ਨਾਲ ਗਾਉਂਦੀ, ਉਹ ਹਿੱਟ ਹੋ ਜਾਂਦਾ।

ਸੁਰਿੰਦਰ ਸੋਨੀਆ ਦਾ ਜਨਮ 2 ਜੁਲਾਈ 1946 ਵਿਚ ਪਾਕਿਸਤਾਨ ਪੰਜਾਬ ਦੇ ਸ਼ਹਿਰ ਗੁਜਰਾਂਵਾਲਾ ਵਿਖੇ ਪਿਤਾ ਕੇਸਰ ਸਿੰਘ ਕੋਹਲੀ ਦੇ ਘਰ ਮਾਤਾ ਪ੍ਰਕਾਸ਼ ਕੌਰ ਕੋਹਲੀ ਦੀ ਕੁੱਖੋਂ ਹੋਇਆ। ਸੁਰਿੰਦਰ ਸੋਨੀਆ ਨੂੰ ਬਚਪਨ ਤੋਂ ਹੀ ਸੰਗੀਤ ਨਾਲ ਕਾਫੀ ਲਗਾਓ ਸੀ। ਉਸ ਦੇ ਪਿਤਾ ਨੂੰ ਗਾਇਕੀ ਨਾਲ ਪਿਆਰ ਸੀ ਤੇ ਉਹ ਕਈ ਸਾਜ਼ ਵੀ ਵਜਾ ਲੈਂਦੇ ਸਨ। ਸਕੂਲ ਸਮੇਂ ਬਾਲ ਸਭਾਵਾਂ ਤੇ ਪ੍ਰੋਗਰਾਮਾਂ ਵਿਚ ਗਾਉਣ ਨਾਲ ਸੁਰਿੰਦਰ ਸੋਨੀਆ ਦਾ ਗਾਇਕੀ ਵਿਚ ਉਤਸ਼ਾਹ ਹੋਰ ਵਧਦਾ ਗਿਆ।

ਦੇਸ਼ ਦੀ ਵੰਡ ਹੋਣ 'ਤੇ ਕੇਸਰ ਸਿੰਘ ਕੋਹਲੀ ਪਰਿਵਾਰ ਸਮੇਤ ਪੰਜਾਬ ਆ ਕੇ ਰਹਿਣ ਲੱਗ ਪਏ, ਪਰ ਪੰਜਾਬ ਦਾ ਮਾਹੌਲ ਖਰਾਬ ਹੋਣ ਕਰਕੇ ਉਹ ਲਖਨਊ ਚਲੇ ਗਏ, ਜਿੱਥੇ ਉਹ ਕਰੀਬ 10 ਸਾਲ ਰਫਿਊਜ਼ੀ ਕੈਂਪ 'ਚ ਰਹੇ। ਉਥੇ ਗੁਰਦੁਆਰਿਆਂ ਚ ਸੁਰਿੰਦਰ ਸੋਨੀਆ ਆਪਣੇ ਪਿਤਾ ਨਾਲ ਸ਼ਬਦ ਗਾਇਆ ਕਰਦੀ ਸੀ।

ਗਾਇਕੀ ਦੀ ਤਾਲੀਮ ਸੁਰਿੰਦਰ ਸੋਨੀਆ ਨੇ ਉਸਤਾਦ ਸੰਤ ਰਾਮ ਖੀਵਾ ਤੋਂ ਲਈ। ਸ਼ੁਰੂਆਤੀ ਦਿਨਾਂ 'ਚ ਸੋਨੀਆ ਨੇ ਸੰਤ ਰਾਮ ਖੀਵਾ ਨਾਲ ਸਟੇਜਾਂ ਕੀਤੀਆਂ। ਮਸ਼ਹੂਰ ਗਾਇਕਾ ਨਰਿੰਦਰ ਬੀਬਾ ਉਨ੍ਹਾਂ ਨੂੰ ਫਿਲਮਾਂ 'ਚ ਲੈ ਕੇ ਆਈ ਤੇ ਉਸ ਸਮੇਂ ਦੀਆਂ ਮਸ਼ਹੂਰ ਗਾਇਕਾਵਾਂ-ਸੁਰਿੰਦਰ ਕੌਰ, ਪ੍ਰਕਾਸ਼ ਕੌਰ ਤੇ ਸਵਰਨ ਲਤਾ ਨੇ ਵੀ ਸੁਰਿੰਦਰ ਸੋਨੀਆ ਨੂੰ ਗਾਇਕੀ 'ਚ ਪੂਰਾ ਸਹਿਯੋਗ ਦਿੱਤਾ। ਸੁਰਿੰਦਰ ਸੋਨੀਆ ਦੇ ਪਤੀ ਕਸ਼ਮੀਰੀ ਲਾਲ ਨੇ ਵੀ ਉਸ ਦਾ ਗਾਇਕੀ ਸਫਰ ਦੌਰਾਨ ਬਹੁਤ ਸਹਿਯੋਗ ਦਿੱਤਾ।

3 ਅਕਤੂਬਰ 1975 ਨੂੰ ਰਿਲੀਜ਼ ਹੋਈ ਲੁਧਿਆਣਾ ਫਿਲਮਸ ਬੈਨਰ ਹੇਠ ਬਣੀ ਇੰਦਰਜੀਤ ਹਸਨਪੁਰੀ ਦੀ ਪਲੇਠੀ ਪੰਜਾਬੀ ਫਿਲਮ 'ਤੇਰੀ ਮੇਰੀ ਇਕ ਜਿੰਦੜੀ' ਵਿਚ ਨਰਿੰਦਰ ਬੀਬਾ ਨਾਲ ਗਾਏ ਗੀਤ 'ਪਿਆਰ ਇੰਜ ਪਾਈਦਾ ਨੀਂ ਪਿਆਰ ਇੰਜ ਪਾਈਦਾ' ਨਾਲ ਪਹਿਲੀ ਵਾਰ ਸਰੋਤਿਆਂ ਨੂੰ ਸੁਰਿੰਦਰ ਸੋਨੀਆ ਦੀ ਆਵਾਜ਼ ਸੁਣਨ ਨੂੰ ਮਿਲੀ। ਇਸ ਪਿਛੋਂ ਉਸ ਨੇ ਕਈ ਮਸ਼ਹੂਰ ਓਪੇਰਿਆਂ ਵਿਚ ਸਾਥੀ ਕਲਾਕਾਰਾਂ ਨਾਲ ਗਾਇਆ, ਜੋ ਕਾਫੀ ਮਕਬੂਲ ਹੋਏ। ਛੇਤੀ ਹੀ ਸੁਰਿੰਦਰ ਸੋਨੀਆ ਦਾ ਸੈਟ ਸੁਰਿੰਦਰ ਛਿੰਦੇ ਨਾਲ ਬਣਿਆ ਤੇ ਇਸ ਜੋੜੀ ਦੇ ਕਈ ਰਿਕਾਰਡ ਮਾਰਕੀਟ ਵਿਚ ਆਏ, ਜੋ ਮਸ਼ਹੂਰ ਹੋਏ। ਇਨ੍ਹਾਂ ਵਿਚੋਂ ਅਮਰ ਸਿੰਘ ਚਮਕੀਲੇ ਦੇ ਲਿਖੇ ਦੋਗਾਣੇ 'ਨੀਂ ਮੈਂ ਡਿੱਗੀ ਤਿਲਕ ਕੇ ਛੜੇ ਜੇਠ ਨੇ ਚੁੱਕੀ', 'ਪਤਲੀ ਪਤੰਗ ਕੁੜੀ ਫੁੱਲ ਵਰਗੀ', 'ਜੇਠ ਗੁੱਗਲ ਦੀ ਧੂਣੀ', 'ਦੁੱਧ ਵਾਂਗੂੰ ਤੂੰ ਫਟ ਗਈ' ਬਹੁਤ ਹੀ ਮਕਬੂਲ ਹੋਏ। ਇਸ ਜੋੜੀ ਨੇ ਪੰਜਾਬ, ਰਾਜਸਥਾਨ, ਹਰਿਆਣਾ ਤੇ ਫਿਲਮ ਨਗਰੀ ਬੰਬੇ ਵਿਚ ਕਾਫੀ ਪ੍ਰੋਗਰਾਮ ਲਾਏ।

ਸੁਰਿੰਦਰ ਛਿੰਦਾ ਸੋਨੀਆ ਦੀ ਥਾਂ ਗੁਲਸ਼ਨ ਕੋਮਲ ਨੂੰ ਵਿਦੇਸ਼ ਪ੍ਰੋਗਰਾਮਾਂ ਲਈ ਲੈ ਗਿਆ, ਜਿਸ ਕਰਕੇ ਸੋਨੀਆ ਉਹਦੇ ਨਾਲ ਬਹੁਤ ਗੁੱਸੇ ਹੋਈ। ਇਸ ਸਮੇਂ ਸੋਨੀਆ ਦੇ ਪਤੀ ਕਸ਼ਮੀਰੀ ਲਾਲ ਨੇ ਚਮਕੀਲੇ ਦੇ ਸਟੇਜ ਸੈਕਟਰੀ ਢੱਕਣ ਦੇ ਸਹਿਯੋਗ ਨਾਲ ਉਸ ਦਾ ਸੈਟ ਚਮਕੀਲੇ ਨਾਲ ਬਣਾ ਦਿੱਤਾ। ਪੰਜਾਬ ਦੇ ਨਾਮੀ ਲੋਕ ਗਾਇਕ ਅਮਰ



ਸੁਰਿੰਦਰ ਸੋਨੀਆ

ਸਿੰਘ ਚਮਕੀਲਾ ਦੇ ਗਾਇਕੀ ਸਫਰ ਦੇ ਸ਼ੁਰੂਆਤੀ ਦਿਨਾਂ ਵਿਚ ਹੀ ਏਨੇ ਹਿੱਟ ਹੋਣ ਵਿਚ ਸੁਰਿੰਦਰ ਸੋਨੀਆ ਦਾ ਵੱਡਾ ਯੋਗਦਾਨ ਹੈ।

1981-82 ਵਿਚ ਸੁਰਿੰਦਰ ਸੋਨੀਆ ਦੇ ਚਮਕੀਲੇ ਨਾਲ ਰਿਕਾਰਡ ਦੋ ਈ. ਪੀ. ਵਿਚਲੇ ਅੱਠ ਦੋਗਾਣਿਆਂ ਨੇ ਪੰਜਾਬ ਵਿਚ ਤਰਥੱਲੀ ਮਚਾ ਦਿੱਤੀ। ਜਦੋਂ ਸੰਨ 1983 ਵਿਚ ਚਮਕੀਲਾ ਅਮਰਜੋਤ ਨਾਲ ਗਾਉਣ ਲੱਗ ਪਿਆ ਤਾਂ ਸੁਰਿੰਦਰ ਸੋਨੀਆ ਨੇ ਨਜ਼ੀਰ ਮੁਹੰਮਦ ਨਾਲ ਆਪਣਾ ਸੈਟ ਬਣਾ ਲਿਆ, ਉਸ ਸਮੇਂ ਇਸ ਜੋੜੀ ਦੇ ਕਈ ਯਾਦਗਾਰ ਦੋਗਾਣੇ ਮਾਰਕੀਟ ਵਿਚ ਆਏ। ਸੁਰਿੰਦਰ ਸੋਨੀਆ ਨੇ ਆਪਣੇ ਗਾਇਕੀ ਸਫਰ ਦੌਰਾਨ ਸਭ ਤੋਂ ਵੱਧ ਸਮਾਂ ਨਜ਼ੀਰ ਮੁਹੰਮਦ ਨਾਲ ਗਾਇਆ ਤੇ ਅਖਾੜੇ ਲਾਏ। ਸੁਰਿੰਦਰ ਸੋਨੀਆ ਦੇ ਮਸ਼ਹੂਰ ਗੀਤਾਂ ਵਿਚੋਂ 'ਨੀਂ ਮੈਂ ਕੀ ਕਰਾਂ ਕਰਤਾਰੋ ਗੱਡੀ ਛੇ ਸਿਲੰਡਰ ਦੀ', 'ਬੋਲੇ ਚਿਮਟਾ ਸਾਧ ਦੇ ਡੇਰੇ', 'ਵੇ ਸ਼ਰਾਬੀਆ ਪੇਕੇ ਤੁਰ ਜਾਊ ਤੇਰੀ ਨਾਰ', 'ਟਕੂਏ 'ਤੇ ਟਕੂਆ ਖੜਕੇ', 'ਬਾਪੂ ਸਾਡਾ ਗੁੰਮ ਹੋ ਗਿਆ', 'ਕੁੜਤੀ ਸਤਰੰਗ ਦੀ', 'ਦਿਓਰ ਨਾਲ ਮੱਸਿਆ ਗਈ', 'ਕੱਢਦੀ ਰੁਮਾਲ ਉਤੇ ਬੂਟੀਆਂ' ਪ੍ਰਮੁੱਖ ਹਨ।



ਅਮਰ ਸਿੰਘ ਚਮਕੀਲਾ ਅਤੇ ਸੁਰਿੰਦਰ ਸੋਨੀਆ

## ਸ਼ਰਧਾਂਜਲੀ

ਉਸ ਸਮੇਂ ਲੋਕ ਆਪਣੇ ਘਰ ਵਿਆਹਾਂ-ਸ਼ਾਦੀਆਂ ਮੌਕੇ ਉਸੇ ਸਪੀਕਰ ਵਾਲੇ ਨੂੰ ਬੁੱਕ ਕਰਦੇ ਸਨ, ਜਿਨ੍ਹਾਂ ਕੋਲ ਸੁਰਿੰਦਰ ਸੋਨੀਆ ਦੇ ਅਮਰ ਸਿੰਘ ਚਮਕੀਲਾ ਤੇ ਸੁਰਿੰਦਰ ਛਿੰਦਾ ਨਾਲ ਗਾਏ ਦੋਗਾਣੇ ਹੁੰਦੇ ਸਨ। ਸੁਰਿੰਦਰ ਸੋਨੀਆ ਦੇ ਗਾਏ ਮਸ਼ਹੂਰ ਦੋਗਾਣਿਆਂ ਤੋਂ ਇਲਾਵਾ ਕੁਝ ਸੋਲੋ ਗੀਤ ਵੀ ਰਿਕਾਰਡ ਹੋਏ, ਜਿਨ੍ਹਾਂ 'ਚ 'ਰਾਤ ਦਾ ਨਾ ਬੋਲੇ ਮੇਰੇ ਨਾਲ' ਅਤੇ 'ਪਾਵੋ ਨੀਂ ਗਿੱਧਾ ਹਾਣ ਦੀਓ ਮੈਂ ਹੌਲਦਾਰ ਨੂੰ ਮੰਗੀ' ਅੱਜ ਵੀ ਸਰੋਤੇ ਬਹੁਤ ਪਸੰਦ ਕਰਦੇ ਹਨ।

ਸੁਰਿੰਦਰ ਸੋਨੀਆ ਭਾਵੇਂ ਲੰਘੇ ਵੇਲੇ ਦੀ ਸੁਪਰਸਟਾਰ ਕਲਕਾਰ ਸੀ, ਪਰ ਉਸ ਵਿਚ ਨਿਮਰਤਾ ਬਹੁਤ ਸੀ। ਉਹ ਆਪਣੇ ਤੋਂ ਸੀਨੀਅਰ ਕਲਾਕਾਰਾਂ ਦਾ ਬਹੁਤ ਸਤਿਕਾਰ ਕਰਦੀ ਸੀ। ਗਾਇਕ ਚਮਕੀਲਾ ਨੂੰ ਉਹ ਯਾਦ ਕਰਕੇ ਉਦਾਸ ਹੋ ਜਾਂਦੀ ਸੀ। ਉਸ ਮੁਤਾਬਕ ਚਮਕੀਲਾ ਨਿਮਰ ਸੁਭਾ ਦਾ ਮਾਲਕ, ਹਰ ਸਮੇਂ ਮਿਹਨਤ ਕਰਨ ਵਾਲਾ ਤੇ ਸਮਕਾਲੀ ਕਲਾਕਾਰਾਂ ਦਾ ਸਤਿਕਾਰ ਕਰਨ ਵਾਲਾ ਗਵੱਈਆ ਸੀ।

ਇਕ ਸਮੇਂ ਤਾਂ ਪੰਜਾਬ ਦੇ ਪਿੰਡਾਂ 'ਚ ਲਗਦੇ ਅਖਾੜੇ ਤੇ ਮੁੰਬਈ ਫਿਲਮ ਨਗਰੀ ਵਿਚ ਸੁਰਿੰਦਰ ਸੋਨੀਆ ਦਾ ਪੂਰਾ ਨਾਂ ਸੀ। ਉਸ ਨੇ ਆਪਣਾ ਆਖਰੀ ਸਮਾਂ ਬਹੁਤ ਤੰਗੀਆਂ ਤੁਰਸ਼ੀਆਂ 'ਚ ਕੱਟਿਆ।

ਆਖਰੀ ਸਮੇਂ ਉਹ ਸ਼ਹੀਦ ਭਗਤ ਸਿੰਘ ਨਗਰ, ਲੁਧਿਆਣਾ ਵਿਖੇ ਰਹੀ ਤੇ ਉਥੇ ਇਕ ਸਟੂਡੀਓ ਵੀ ਚਲਾਇਆ, ਜਿੱਥੇ ਕਈ ਨਵੇਂ ਕਲਾਕਾਰਾਂ ਦੀ ਰਿਕਾਰਡਿੰਗ ਕੀਤੀ ਜਾਂਦੀ ਸੀ। ਕਾਫੀ ਸਮਾਂ ਉਹ ਬਿਮਾਰ ਰਹੀ, ਪਰ ਕਿਸੇ ਨੂੰ ਵੀ ਇਸ ਗੱਲ ਦਾ ਪਤਾ ਨਾ ਲੱਗਾ। ਅਖੀਰ 29 ਅਕਤੂਬਰ 2019 ਨੂੰ ਉਹ ਆਪਣੇ ਚਾਹੁਣ ਵਾਲਿਆਂ ਨੂੰ ਛੱਡ ਕੇ ਤੁਰ ਗਈ, ਪਰ ਅਫਸੋਸ! ਕਿਸੇ ਵੀ ਅਖਬਾਰ ਨੇ ਉਸ ਦੀ ਮੌਤ ਦੀ ਖਬਰ ਨਾ ਲਾਈ। ਕਲਾਕਾਰ ਮਰ ਕੇ ਵੀ ਆਪਣੀ ਆਵਾਜ਼ ਨਾਲ ਰਹਿੰਦੀ ਦੁਨੀਆਂ ਤਕ ਜਿਉਂਦਾ ਰਹਿੰਦਾ ਹੈ। ਸਰੀਰ ਬੇਸ਼ੱਕ ਮਰ ਜਾਂਦੇ ਹਨ, ਪਰ ਆਵਾਜ਼ਾਂ ਕਦੇ ਨਹੀਂ ਮਰਦੀਆਂ।

# ਅਜੋਕੇ ਰੂਸ ਤੋਂ ਪਰਤੇ ਗੁਆਂਢੀ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਚੰਡੀਗੜ੍ਹ ਵਿਚ ਮੇਰਾ ਗੁਆਂਢੀ ਜਿਲਾ ਹੁਸ਼ਿਆਰਪੁਰ ਦੇ ਸ਼ਾਮ ਚੁਰਾਸੀ ਕਸਬੇ ਤੋਂ ਹੈ। ਸੇਵਾਮੁਕਤ ਮੇਜਰ ਜਨਰਲ ਰਾਜਿੰਦਰ ਨਾਥ। ਉਹ ਆਪਣੇ ਜੱਦੀ ਪੁਸ਼ਤੀ ਕਸਬੇ ਨੂੰ 'ਈਵਨਿੰਗ ਏਟੀਫੋਰ' ਕਹਿੰਦਾ ਹੈ। ਉਸ ਦਾ ਬੇਟਾ ਦਿਨੇਸ਼ ਕਪਿਲਾ ਤੇ ਨੂੰਹ ਅਨੀਤਾ ਸ਼ਰਮਾ ਵਿਦੇਸ਼ੀ ਸੈਰ ਸਪਾਟੇ ਦੇ ਸ਼ੌਕੀਨ ਹਨ। ਉਹ ਹਰ ਵਰ੍ਹੇ ਵਿਦੇਸ਼ ਦੌਰੇ 'ਤੇ ਜਾਂਦੇ ਹਨ। ਹੁਣੇ ਹੁਣੇ ਰੂਸ ਹੋ ਕੇ ਆਏ ਹਨ, ਮਾਸਕੋ ਤੇ ਸੇਂਟ ਪੀਟਰਸਬਰਗ ਦੀ ਸੈਰ ਕਰਕੇ। ਦਿਨੇਸ਼ ਨਬਾਰਡ (ਓਬਓਧ) ਵਿਚ ਜਨਰਲ ਮੈਨੇਜਰ ਹੈ ਤੇ ਅਨੀਤਾ ਚੰਡੀਗੜ੍ਹ ਦੇ ਸਿਖਿਆ ਵਿਭਾਗ ਵਿਚ ਐਸਿਸਟੈਂਟ ਡਾਇਰੈਕਟਰ। ਅੱਖੀਂ ਤੱਕੀ ਅਰਥ ਵਿਵਸਥਾ ਤੇ ਸਭਿਆਚਾਰਕ ਵਿਕਾਸ ਨੂੰ ਬਿਆਨ ਕਰਨ ਦੇ ਮਾਹਿਰ। ਪੇਸ਼ ਹੈ, ਸਟਾਲਿਨ ਦੇ ਸੋਵੀਅਤ ਲੈਂਡ ਤੇ ਅਜੋਕੇ ਰੂਸ ਦੀ ਅੱਖੀਂ ਵੇਖੀ ਤਸਵੀਰ,

"ਜ਼ਾਰਸ਼ਾਹੀ ਰੂਸ ਨਾਲੋਂ ਸਟਾਲਿਨ ਦਾ ਰੂਸ ਛੋਟਾ ਸੀ ਤੇ ਸਟਾਲਿਨ ਦੇ ਰੂਸ ਨਾਲੋਂ ਅਜੋਕਾ ਰੂਸ। ਉਨ੍ਹਾਂ ਨੂੰ ਆਪਣੇ ਛੋਟੇਪਨ ਦਾ ਅਜਿਹਾ ਅਹਿਸਾਸ ਹੈ ਕਿ ਆਪਣੇ ਦੇਸ਼ ਦੀ ਵਸੋਂ ਵਿਚ ਵਾਧਾ ਕਰਨਾ ਆਪਣਾ ਧਰਮ ਮੰਨਦੇ ਹਨ। ਛੋਟੀ ਉਮਰ ਦੀਆਂ ਸ਼ਾਦੀਆਂ ਦਾ ਸਵਾਗਤ ਹੁੰਦਾ ਹੈ। ਜੋ ਵਿਆਹੁਤਾ ਜੋੜੀ ਦੋ ਤੋਂ ਵੱਧ ਬੱਚੇ ਪੈਦਾ ਕਰਦੀ ਹੈ ਤਾਂ ਉਨ੍ਹਾਂ ਦੇ ਬੱਚਿਆਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਇਸ ਲਈ ਵੀ ਕਿ ਠੰਢ ਦਾ ਵਾਰਾ ਪਹਿਰਾ ਹੋਣ ਕਾਰਨ ਉਸ ਦੇਸ਼ ਵਿਚ ਬੱਚੇ ਘਟ ਜੰਮਦੇ ਹਨ।

ਭਾਵੇਂ ਅਮੀਰੀ ਤੇ ਗਰੀਬੀ ਦਾ ਪਾੜਾ ਸਾਡੇ ਜਿਹਾ ਹੀ ਹੈ, ਪਰ ਆਮ ਰੂਸੀ ਬੰਦੇ ਨੂੰ ਆਪਣੇ ਰੂਸੀ ਹੋਣ 'ਤੇ ਬੜਾ ਮਾਣ ਹੈ। ਔਰਤਾਂ ਦਿਨ ਰਾਤ ਟਰੱਕ ਚਲਾਉਂਦੀਆਂ ਹਨ ਅਤੇ ਖੇਤੀ ਵਿਚ ਮਰਦਾਂ ਦੇ ਮੋਢੇ ਨਾਲ ਮੋਢਾ ਡਾਹੁੰਦੀਆਂ ਹਨ। ਇਹ ਵੀ ਮਾਣ ਨਾਲ ਦੱਸਦੀਆਂ ਹਨ ਕਿ ਦੂਜੇ ਸੰਸਾਰ ਯੁੱਧ ਵਿਚ ਢਾਈ ਕਰੋੜ ਤੋਂ ਵੱਧ ਰੂਸੀ ਸ਼ਹੀਦ ਹੋਏ, ਜਿਨ੍ਹਾਂ ਵਿਚ ਨੌਜਵਾਨਾਂ ਦੀ ਗਿਣਤੀ ਕਾਫੀ ਸੀ। ਭਾਵੇਂ ਦੇਸ਼ ਦੀ 14 ਪ੍ਰਤੀਸ਼ਤ ਵਸੋਂ ਉਡ ਗਈ ਸੀ, ਪਰ ਉਹ ਇਸ ਦਾ ਰੋਣਾ ਨਹੀਂ ਰੋਂਦੇ। ਉਨ੍ਹਾਂ ਨੇ ਜਰਮਨੀ ਦੇ ਹਿਟਲਰ ਦਾ ਮੁਕਾਬਲਾ ਕਰਨ ਵਾਲੀਆਂ ਤੋਪਾਂ ਅੱਜ ਵੀ ਰੂਸ ਦੇ ਪ੍ਰਮੁੱਖ ਚੌਕਾਂ 'ਤੇ ਸੁਸ਼ੋਭਿਤ ਕੀਤੀਆਂ ਹੋਈਆਂ ਹਨ।

ਜਿਥੋਂ ਤੱਕ ਵਿਦਿਆ ਨੀਤੀ ਦਾ ਸਬੰਧ ਹੈ, ਅਜੋਕੇ ਰੂਸ ਵਿਚ ਵਿਦੇਸ਼ੀ ਭਾਸ਼ਾ ਪੜ੍ਹਨ ਤੇ ਜਾਣਨ ਵਾਲਿਆਂ ਲਈ ਵਿਸ਼ੇਸ਼ ਸਹੂਲਤਾਂ ਪ੍ਰਾਪਤ ਹਨ। ਖਾਸ ਕਰਕੇ ਅੰਗਰੇਜ਼ੀ ਭਾਸ਼ਾ ਦੀ ਜਾਣਕਾਰੀ ਨੂੰ



ਤਰਜੀਹ ਦਿੱਤੀ ਜਾਂਦੀ ਹੈ। ਉਂਜ ਵੀ ਅੰਗਰੇਜ਼ੀ ਪੜ੍ਹਨ ਵਾਲਿਆਂ ਦੀ ਕਦਰ ਪੈਂਦੀ ਹੈ। ਪੜ੍ਹਾਈ ਏਨੀ ਸਸਤੀ ਹੈ ਕਿ ਰੂਸ ਦੇ ਸਕੂਲਾਂ-ਕਾਲਜਾਂ ਵਿਚ ਰੂਸ ਤੋਂ ਬਾਹਰ ਦੇ ਵਿਦਿਆਰਥੀਆਂ ਦੀ ਭਰਮਾਰ ਹੈ।

ਨਵੀਂ ਗੱਲ ਇਹ ਕਿ ਇਸ ਸਭ ਕਾਸੇ ਲਈ ਰੱਬ ਦੀ ਸੁਕਰਗੁਜ਼ਾਰ ਹੈ। ਗਿਰਜਾ ਘਰ ਰੰਗ ਰੰਗੀਲੇ ਹਨ, ਔਰਤਾਂ ਸਿਰ ਢਕ ਕੇ ਜਾਂਦੀਆਂ ਹਨ ਤੇ ਮਰਦ ਟੋਪੀ ਲਾਹ ਕੇ। ਪੂਜਾ ਸਥਾਨਾਂ ਵਿਚ ਬੈਠਣ ਲਈ ਕੁਰਸੀਆਂ ਤੇ ਬੈਂਚ ਨਹੀਂ। ਉਂਜ ਰੂਸੀ ਲੋਕ ਖਲੋ ਕੇ ਅਰਦਾਸ ਕਰਦੇ ਹਨ। ਰੱਬ ਅੱਗੇ ਗੋਡੇ ਨਹੀਂ ਟੇਕਦੇ।

ਅਜੋਕੇ ਰੂਸੀਆਂ ਨੂੰ ਇਸ ਗੱਲ ਦਾ ਦੁੱਖ ਹੈ ਕਿ ਗੋਰਬਾਚੇਵ ਤੇ ਯੈਲਸਤਨ ਨੇ ਦੇਸ਼ ਦੀ ਆਨ ਤੇ ਸ਼ਾਨ ਨੂੰ ਖੋਰਾ ਲਾਇਆ ਹੈ। ਦੇਸ਼ ਦੀ ਆਰਥਕਤਾ ਡਾਵਾਂਡੋਲ ਹੈ। ਫੇਰ ਵੀ ਰੂਸੀ ਵਸੋਂ ਇਸ ਦਾ ਟਾਕਰਾ ਕਰ ਰਹੀ ਹੈ।"

ਕਪਿਲਾ ਜੋੜੀ ਨੇ ਦੱਸਿਆ ਕਿ ਰੂਸ ਵਿਚ ਆਪਣੇ ਨਿੱਜੀ ਘਰ ਦਾ ਮਾਲਕ ਹੋਣਾ ਏਨਾ ਸੌਖਾ ਨਹੀਂ, ਪਰ ਉਥੋਂ ਦੇ ਲੋਕ ਪੂਰੀ ਵਾਹ ਲਾ ਰਹੇ ਹਨ। ਸਟਾਲਿਨ ਦੇ ਰੂਸ ਨੂੰ ਪਛਾੜ ਰਹੇ ਹਨ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਰੂਸ ਸਰਕਾਰ ਨੇ ਏਨੀ ਠੰਢ ਦੇ ਬਾਵਜੂਦ ਸ਼ਰਾਬਨੋਸ਼ੀ 'ਤੇ ਪੂਰਨ ਰੋਕ ਲਾ ਰੱਖੀ ਹੈ। ਸ਼ਰਾਬਖਾਨੇ ਬੰਦ ਹਨ। ਜਨਤਕ ਸ਼ਰਾਬਨੋਸ਼ੀ ਵਾਲਿਆਂ ਲਈ ਕੈਦ ਦੀ ਸਜ਼ਾ ਹੈ। ਜਿੱਥੋਂ ਤੱਕ ਰਹਿਣੀ-ਸਹਿਣੀ ਦਾ ਸਬੰਧ ਹੈ, ਸਮੁੱਚੇ ਦੇਸ਼ ਵਿਚ ਸਾਂਝੇ ਪਰਿਵਾਰ ਦੀ ਪ੍ਰਥਾ ਕਾਇਮ ਹੈ। ਬੱਚੇ ਵੱਡੇ ਵਿਹੜਿਆਂ ਵਿਚ ਪਲਦੇ ਹਨ। ਮੌਜਾਂ ਮਾਣਦੇ ਹਨ। ਉਂਜ ਮਾਸਕੋ ਦੇ ਟਾਕਰੇ ਉਤੇ ਸੇਂਟ ਪੀਟਰਸਬਰਗ ਵੱਧ ਵਿਕਸਿਤ ਹੈ, ਪੂਰਨ ਰੂਪ ਵਿਚ ਪੱਛਮੀ ਸਭਿਅਤਾ ਨੂੰ ਪ੍ਰਣਾਇਆ ਹੋਇਆ।

ਕਪਿਲਾ ਜੋੜੀ ਅਨੁਸਾਰ ਸੇਂਟ ਪੀਟਰਸਬਰਗ ਕਿੰਨਾ ਵੀ ਵਿਕਸਿਤ ਤੇ ਪੱਛਮੀ ਕੀਮਤਾਂ ਦਾ ਮੁੱਦਈ ਹੋਵੇ, ਮਾਸਕੋ ਦੀ ਪਰੰਪਰਾਵਾਦੀ ਆਨ ਤੇ ਸ਼ਾਨ ਦਾ ਮੁਕਾਬਲਾ ਨਹੀਂ ਕਰ ਸਕਦਾ। ਮਾਸਕੋ ਦੀਆਂ ਸੜਕਾਂ ਚੌੜੀਆਂ ਹਨ, ਹੋਟਲ ਤੇ ਬਾਜ਼ਾਰ ਖੁੱਲ੍ਹੇ। ਪਰੰਪਰਾਵਾਦੀ ਸ਼ੁਹਰਤ ਦਾ ਇਕ ਚਿੰਨ੍ਹ ਉਥੋਂ ਦਾ ਸਰਕਸ ਹੈ। ਪਸ਼ੂ, ਬੰਦੇ ਅਤੇ ਪੰਛੀ ਏਦਾਂ ਸਿਧਾਏ ਹੋਏ ਹਨ ਕਿ ਆਪਣੀ ਸਿਹਤ ਤੇ ਤੰਦਰੁਸਤੀ ਦੇ ਬਾਵਜੂਦ ਸੂਈ ਦੇ ਨੱਕੇ ਵਿਚੋਂ ਲੰਘਦੇ ਦਿਖਾਈ ਦਿੰਦੇ ਹਨ। ਪਾਲਤੂ ਹਾਥੀ ਘੋੜੇ ਬੰਦਿਆਂ ਵਾਂਗ ਵਿਚਰਦੇ ਹਨ। ਇਥੋਂ ਤੱਕ ਕਿ ਪੀਟਰਸਬਰਗ ਦੀਆਂ ਰੋਸ਼ਨੀਆਂ ਨੂੰ ਮਾਤ ਪਾ ਦਿੰਦੇ ਹਨ।

ਕਪਿਲਾ ਜੋੜੀ ਨੇ ਮਾਸਕੋ ਤੋਂ ਪੀਟਰਸਬਰਗ ਦਾ ਸਫਰ ਹਵਾਈ ਜਹਾਜ 'ਤੇ ਕੀਤਾ ਸੀ, ਪਰ ਉਨ੍ਹਾਂ ਦੀ ਪੀਟਰਸਬਰਗ ਤੋਂ ਵਾਪਸੀ ਤੇਜ਼ ਰਫਤਾਰ ਰੇਲ ਗੱਡੀ ਰਾਹੀਂ ਸੀ। ਹਵਾਈ ਸਫਰ ਡੇਢ ਘੰਟੇ ਦਾ ਸੀ ਤੇ ਰੇਲ ਗੱਡੀ ਵਾਲਾ ਚਾਰ ਘੰਟੇ ਦਾ। ਖੂਬੀ ਇਹ ਕਿ ਰੇਲ ਦੇ ਡੱਬਿਆਂ ਵਿਚ ਥਾਂ ਥਾਂ ਇਹ ਲਿਖਿਆ ਹੋਇਆ ਸੀ ਕਿ ਬੋਲਣਾ ਸਖਤ ਮਨ੍ਹਾਂ ਹੈ। ਭਾਵ ਇਹ ਕਿ ਚੁੱਪ ਦੇ ਦਾਨ ਦੀ ਬਖਸ਼ੀਸ਼ ਮੰਗੀ ਗਈ ਸੀ। 700 ਕਿਲੋਮੀਟਰ ਚਾਰ ਘੰਟੇ ਵਿਚ ਤੈਅ ਕਰਨ ਵਾਲੀ ਗੱਡੀ ਦੇ ਮੁਸਾਫਿਰ ਹੀ ਜਾਣਦੇ ਹਨ ਕਿ ਉਸ ਸਫਰ ਵਿਚ ਕਿੰਨੀ ਸ਼ਾਂਤੀ ਸੀ। ਖਾਣ ਪੀਣ ਹਰ ਦੇਸ਼ ਵਾਸੀ ਦੇ ਯੋਗ ਤੇ ਸ਼ਾਂਤੀ ਬੁੱਧ ਗਯਾ ਜਿਹੀ। ਵਰਤਾਵੇ ਏਦਾਂ ਵਿਚਰਦੇ ਹਨ ਜਿਵੇਂ ਗੁਰਦੁਆਰੇ, ਮੰਦਿਰ ਜਾਂ ਮਸਜਿਦ ਦੀ ਪਰਿਕਰਮਾ ਕਰ ਰਹੇ ਹੋਣ।

ਕਪਿਲਾ ਜੋੜੀ ਲਈ ਰੇਲ ਦਾ ਸਫਰ ਹਵਾਈ ਸਫਰ ਦੇ ਟਾਕਰੇ ਦਾ ਸੀ। ਉਨ੍ਹਾਂ ਮਾਣ ਨਾਲ ਦੱਸਿਆ ਕਿ ਉਨ੍ਹਾਂ ਨੇ ਇਕ ਖਾਣਾ ਅਜਿਹੇ ਹੋਟਲ ਵਿਚ ਖਾਧਾ, ਜਿਸ ਦਾ ਮਾਲਕ ਬੰਗਾਲੀ ਸੀ ਤੇ ਹੋਟਲ ਦਾ ਖਾਣਾ ਪੂਰਨ ਪੰਜਾਬੀ। ਵੱਡੀ ਗੱਲ ਇਹ ਕਿ ਕਪਿਲਾ ਜੋੜੀ ਦੇ ਹੋਟਲ ਜਾਂਦਿਆਂ ਸਾਰ ਪੰਜਾਬੀ ਗੀਤਾਂ ਤੇ ਗਾਣਿਆਂ ਦੀ ਛਹਿਬਰ ਲੱਗ ਗਈ।

ਦਿਨੇਸ਼ ਕਪਿਲਾ ਤੇ ਅਨੀਤਾ ਸ਼ਰਮਾ ਨੇ ਆਪਣੀ ਰੂਸ ਫੇਰੀ ਦਾ ਤੋੜਾ ਏਸ ਗੱਲ ਨਾਲ ਤੋੜਿਆ ਕਿ ਅਜੋਕੇ ਰੂਸ ਨੇ ਕਮਿਊਨਿਜ਼ਮ ਭੁਲਾ ਛੱਡਿਆ ਹੈ ਤੇ ਮੁੜ ਪੂੰਜੀਵਾਦ ਦਾ ਪੱਲਾ ਫੜ ਰਿਹਾ ਹੈ। ਸੜਕਾਂ ਉਤੇ ਵੱਡੀਆਂ ਕਾਰਾਂ ਘੁੰਮਦੀਆਂ ਹਨ ਤੇ ਸੜਕਾਂ ਦੇ ਖੱਬੇ-ਸੱਜੇ ਬਹੁਤ ਵੱਡੇ ਹੋਟਲ। ਕਪਿਲਾ ਜੋੜੀ ਆਪਣੀ ਰੂਸ ਫੇਰੀ ਤੋਂ ਹਰ ਤਰ੍ਹਾਂ ਨਾਲ ਸੰਤੁਸ਼ਟ ਹੈ।

**ਅੰਤਿਕਾ: ਮਿਰਜ਼ਾ ਗ਼ਾਲਿਬ**

ਖਬਰ ਥੀ ਗਰਮ
ਕਿ ਗ਼ਾਲਿਬ ਕੇ ਉੜੇਂਗੇ ਪੁਰਜੇ,
ਦੇਖਨੇ ਹਮ ਭੀ ਗਏ ਥੇ
ਪਰ ਤਮਾਸ਼ਾ ਨਾ ਹੂਆ।

